ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 19 Issue 14 | Friday July 5 to 11 July, 2024 | Published Weekly from New York | www.PUNJABIDUNIYAMEDIA.com







# ਰਾਸ਼ਟਰਪਤੀ ਚੋਣ: ਬਾਇਡਨ ਦੇ ਦੌੜ ’ਚੋਂ ਲਾਂਭੇ ਹੋਣ ਦੀ ਮੰਗ ਜ਼ੋਰ ਫੜਨ ਲੱਗੀ

'ਸ਼ਿੰਗਟਨ- ਰਾਸ਼ਟਰਪਤੀ ਦੀ ਚੋਣ ਸਬੰਧੀ ਅਟਲਾਂਟਾ ਵਿੱਚ ਕਰਵਾਈ ਬਹਿਸ ਦੌਰਾਨ ਮਾੜੀ ਕਾਰਗੁਜ਼ਾਰੀ ਮਗਰੋਂ ਸੱਤਾਧਾਰੀ ਡੈਮੋਕਰੈਟਿਕ ਪਾਰਟੀ ਅਤੇ ਮੁੱਖਧਾਰਾ ਦੇ ਅਮਰੀਕੀ ਮੀਡੀਆ ਵਿੱਚ ਰਾਸ਼ਟਰਪਤੀ ਜੋਅ ਬਾਇਡਨ (81) ਨੂੰ ਇਸ ਦੌੜ ਵਿੱਚੋਂ ਲਾਂਭੇ ਕੀਤੇ ਜਾਣ ਦੀ ਮੰਗ ਜ਼ੋਰ ਫੜਨ ਲੱਗੀ ਹੈ। ਹਾਲਾਂਕਿ, ਬਾਇਡਨ ਅਤੇ ਉਨ੍ਹਾਂ ਦੀ ਪ੍ਰਚਾਰ ਟੀਮ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਹਾਰ ਨਹੀਂ ਮੰਨੀ ਅਤੇ ਉਹ 5 ਨਵੰਬਰ ਨੂੰ ਹੋਣ ਵਾਲੀ ਚੋਣ ਲੜਨ ਲਈ ਦ੍ਰਿੜ੍ਹ ਹਨ।
ਬਾਇਡਨ ਦੀ ਪ੍ਰਚਾਰ ਟੀਮ ਨੇ ਕਿਹਾ, “ਬਾਇਡਨ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਹਨ। ਉਮੀਦਵਾਰ ਨਹੀਂ ਬਦਲਿਆ ਜਾ ਰਿਹਾ।”
ਅਮਰੀਕਾ ਦੇ 46ਵੇਂ ਰਾਸ਼ਟਰਪਤੀ ਬਾਇਡਨ ਨੇ ਰਾਸ਼ਟਰਪਤੀ ਚੋਣ ਵਿਚ ਡੈਮੋਕਰੈਟ ਉਮੀਦਵਾਰ ਬਣਨ ਲਈ ਮੁੱਢਲੀ ਚੋਣ ਜਿੱਤ ਲਈ ਹੈ। ਵ੍ਹਾਈਟ ਹਾਊਸ ਵਿੱਚ ਦੂਜੀ ਵਾਰ ਦਾਖ਼ਲੇ ਦੇ ਇੱਛੁਕ ਬਾਇਡਨ ਦੀ ਆਵਾਜ਼ ਬਹਿਸ ਦੌਰਾਨ





ਲੜਖੜਾਉਂਦੀ ਨਜ਼ਰ ਆਈ, ਜਿਸ ਕਾਰਨ ਸੀਨੀਅਰ ਡੈਮੋਕਰੈਟ ਆਗੂ ਸੋਚਣ ਲਈ ਮਜਬੂਰ ਹੋ ਗਏ ਹਨ ਕਿ ਕੀ ਬਾਇਡਨ ਚੋਣਾਂ ਤੋਂ ਪਹਿਲਾਂ ਆਉਂਦੇ ਦਿਨਾਂ ’ਚ ਆਪਣੀ ਮੁਹਿੰਮ ਨੂੰ ਬਰਕਰਾਰ ਰੱਖ ਸਕਣਗੇ।ਉਧਰ, ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਸੰਭਾਵੀ ਉਮੀਦਵਾਰ ਡੋਨਲਡ ਟਰੰਪ (78) ਡੇਢ ਘੰਟੇ ਦੀ ਬਹਿਸ ਦੌਰਾਨ ਸ਼ੁਰੂ ਤੋਂ ਹੀ ਬਾਇਡਨ ’ਤੇ ਭਾਰੂ ਰਹੇ।
ਰਾਸ਼ਟਰਪਤੀ ਦੀ ਚੋਣ ਲਈ ਅਟਲਾਂਟਾ ਵਿੱਚ ਵੀਰਵਾਰ ਰਾਤ ਨੂੰ ਪਹਿਲੀ ਬਹਿਸ ਮਗਰੋਂ ‘ਦਿ ਨਿਊਯਾਰਕ ਟਾਈਮਜ਼’ ਸਮੇਤ ਕਈ ਮੀਡੀਆ ਸੰਸਥਾਵਾਂ ਅਤੇ ਬਾਇਡਨ ਦੀ ਪਾਰਟੀ ਦੇ ਸਮਰਥਕ ਤੇ ਅਹਿਮ ਨੀਤੀਘਾੜੇ ਉਨ੍ਹਾਂ ਨੂੰ ਇਸ ਦੌੜ ਤੋਂ ਲਾਂਭੇ ਹੋਣ ਦੀ ਮੰਗ ਕਰ ਰਹੇ ਹਨ।
ਬਹਿਸ ਮਗਰੋਂ ‘ਦਿ ਨਿਊਯਾਰਕ ਟਾਈਮਜ਼’ ਨੇ ਆਪਣੀ ਸੰਪਾਦਕੀ ਵਿੱਚ ਲਿਖਿਆ, “ਆਪਣੇ ਦੇਸ਼ ਦੀ ਸੇਵਾ ਕਰਨ ਲਈ ਰਾਸ਼ਟਰਪਤੀ ਬਾਇਡਨ ਨੂੰ ਇਸ ਦੌੜ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ।”

## 2 ਭਾਰਤੀ-ਅਮਰੀਕੀਆਂ ਨੂੰ ਸ਼ਿਕਾਗੋ ਸਥਿਤ ਹੈਲਥ ਫਰਮ ਚ 1 ਬਿਲੀਅਨ ਡਾਲਰ ਦੀ ਧੋਖਾਧੜੀ ਲਈ ਸਜ਼ਾ ਸੁਣਾਈ





ਆਉਟਕਮ ਦੇ ਸਾਬਕਾ ਐਗਜ਼ੈਕਟਿਵਜ਼, ਇੱਕ ਹੈਲਥ ਟੈਕ ਸਟਾਰਟਅੱਪ, ਨੂੰ ਇੱਕ ਬਿਲੀਅਨ ਡਾਲਰ ਦੀ ਧੋਖਾਧੜੀ ਸਕੀਮ ਲਈ ਸਜ਼ਾ ਸੁਣਾਈ ਗਈ ਸੀ, ਜਿਸ ਵਿੱਚ ਗਾਹਕਾਂ ਨੂੰ ਓਵਰਬਿਲਿੰਗ ਕਰਨਾ ਅਤੇ ਵਿਗਿਆਪਨ ਮਾਪਦੰਡਾਂ ਨੂੰ ਝੂਠਾ ਬਣਾਉਣਾ, ਨਿਵੇਸ਼ਕਾਂ ਅਤੇ ਰਿਣਦਾਤਿਆਂ ਨੂੰ ਪ੍ਰਭਾਵਿਤ ਕਰਨਾ ਸ਼ਾਮਲ ਹੈ।
ਦੋ ਭਾਰਤੀ ਮੂਲ ਦੇ ਲੋਕਾਂ, ਸ਼ਿਕਾਗੋ ਸਥਿਤ ਹੈਲਥ ਟੈਕਨਾਲੋਜੀ ਸਟਾਰਟ-ਅੱਪ ਕੰਪਨੀ ਦੇ ਸਾਬਕਾ ਕਾਰਜਕਾਰੀ, ਨੂੰ ਕੰਪਨੀ ਦੇ ਗਾਹਕਾਂ, ਰਿਣਦਾਤਿਆਂ ਅਤੇ ਨਿਵੇਸ਼ਕਾਂ ਨੂੰ ਕਥਿਤ ਤੌਰ ਤੇ ਨਿਸ਼ਾਨਾ ਬਣਾਉਣ ਵਾਲੀ ਇੱਕ ਧੋਖਾਧੜੀ ਯੋਜਨਾ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ ਸਜ਼ਾ ਸੁਣਾਈ ਗਈ ਸੀ।
ਅਮਰੀਕੀ ਨਿਆਂ ਵਿਭਾਗ ਦੇ ਅਨੁਸਾਰ, ਦੋਸ਼ਾਂ ਵਿੱਚ ਲਗਭਗ £ 1 ਬਿਲੀਅਨ (ਭਾਰਤੀ ਮੁਦਰਾ ਵਿੱਚ 7500 ਕਰੋੜ ਰੁਪਏ) ਧੋਖਾਧੜੀ ਨਾਲ ਫੰਡ ਪ੍ਰਾਪਤ ਕੀਤੇ ਗਏ ਸਨ।
ਮੁਲਜ਼ਮਾਂ ਦੀ ਪਛਾਣ 38 ਸਾਲਾ ਰਿਸ਼ੀ ਸ਼ਾਹ - ਆਊਟਕਮ ਦੇ ਸਹਿ-ਸੰਸਥਾਪਕ ਅਤੇ ਸਾਬਕਾ ਸੀ.ਈ.ਓ. ਅਤੇ 38 ਸਾਲਾ ਸ਼ਰਧਾ ਅਗਰਵਾਲ, ਆਊਟਕਮ ਦੀ ਸਹਿ-ਸੰਸਥਾਪਕ ਅਤੇ ਸਾਬਕਾ ਪ੍ਰਧਾਨ ਵਜੋਂ ਹੋਈ ਹੈ। ਇੱਕ ਹੋਰ ਵਿਅਕਤੀ, 35 ਸਾਲਾ ਬ੍ਰੈਡ ਪਰਡੀ - ਸਾਬਕਾ ਮੁੱਖ ਸੰਚਾਲਨ ਅਧਿਕਾਰੀ ਅਤੇ ਆਉਟਕਮ ਦੇ ਮੁੱਖ ਵਿੱਤੀ ਅਧਿਕਾਰੀ ਵੀ ਮੁਲਜ਼ਮਾਂ ਵਿੱਚ ਸ਼ਾਮਲ ਸਨ।
ਜਿੱਥੇ ਰਿਸ਼ੀ ਨੂੰ 26 ਜੂਨ ਨੂੰ ਸੱਤ ਸਾਲ ਅਤੇ ਛੇ ਮਹੀਨੇ ਦੀ ਸਜ਼ਾ ਸੁਣਾਈ ਗਈ ਸੀ, ਉਥੇ ਹੀ ਸ਼ਰਧਾ ਨੂੰ 30 ਜੂਨ ਨੂੰ ਤਿੰਨ ਸਾਲ ਅੱਧੇ ਘਰ ਦੀ ਸਜ਼ਾ ਸੁਣਾਈ ਗਈ ਸੀ।
ਬ੍ਰੈਡ ਨੂੰ ਵੀ 30 ਜੂਨ ਨੂੰ ਦੋ ਸਾਲ ਅਤੇ ਤਿੰਨ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਸੀ।ਅਦਾਲਤੀ ਦਸਤਾਵੇਜ਼ਾਂ ਅਤੇ ਮੁਕੱਦਮੇ ਦੌਰਾਨ ਪੇਸ਼ ਕੀਤੇ ਗਏ ਸਬੂਤਾਂ ਦੇ ਅਨੁਸਾਰ, ਆਉਟਕਮ, ਜਿਸਦੀ ਸਥਾਪਨਾ 2006 ਵਿੱਚ ਕੀਤੀ ਗਈ ਸੀ ਅਤੇ ਜਨਵਰੀ 2017 ਤੋਂ ਪਹਿਲਾਂ ਸੰਦਰਭ ਮੀਡੀਆ ਵਜੋਂ ਜਾਣੀ ਜਾਂਦੀ ਸੀ, ਨੇ ਸੰਯੁਕਤ ਰਾਜ ਵਿੱਚ ਡਾਕਟਰਾਂ ਦੇ ਦਫਤਰਾਂ ਵਿੱਚ ਟੈਲੀਵਿਜ਼ਨ ਸਕ੍ਰੀਨਾਂ ਅਤੇ ਟੈਬਲੇਟਾਂ ਨੂੰ ਸਥਾਪਿਤ ਕੀਤਾ ਅਤੇ ਫਿਰ ਗਾਹਕਾਂ ਨੂੰ ਉਹਨਾਂ ਡਿਵਾਈਸਾਂ ਤੇ ਵਿਗਿਆਪਨ ਦੀ ਜਗ੍ਹਾ ਵੇਚੀ। , ਜਿਨ੍ਹਾਂ ਵਿੱਚੋਂ ਜ਼ਿਆਦਾਤਰ ਫਾਰਮਾਸਿਊਟੀਕਲ ਕੰਪਨੀਆਂ ਸਨ।ਸ਼ਾਹ, ਅਗਰਵਾਲ, ਅਤੇ ਪੁਰਡੀ ਨੇ ਆਉਟਕਮ ਦੇ ਗਾਹਕਾਂ ਨੂੰ ਵਿਗਿਆਪਨ ਸੂਚੀ ਵੇਚੀ ਜੋ ਕੰਪਨੀ ਕੋਲ ਨਹੀਂ ਸੀ, ਅਤੇ ਫਿਰ ਇਸਦੇ ਵਿਗਿਆਪਨ ਮੁਹਿੰਮਾਂ ਤੇ ਘੱਟ-ਡਿਲੀਵਰ ਕੀਤੀ ਗਈ। ਇਹਨਾਂ ਅੰਡਰ-ਡਲਿਵਰੀ ਦੇ ਬਾਵਜੂਦ, ਕੰਪਨੀ ਨੇ ਅਜੇ ਵੀ ਆਪਣੇ ਗਾਹਕਾਂ ਨੂੰ ਇਨਵੌਇਸ ਕੀਤਾ ਜਿਵੇਂ ਕਿ ਉਸਨੇ ਪੂਰੀ ਡਿਲੀਵਰੀ ਕੀਤੀ ਸੀ।

## ਅਮਰੀਕਾ ਚੋਣਾਂ : ਅਮਰੀਕੀ ਸੈਨੇਟਰ ਨੇ ਅਸ਼ਵਿਨ ਰਾਮਾਸਵਾਮੀ ਨੂੰ ਸਮਰਥਨ ਦੇਣ ਦਾ ਕੀਤਾ ਐਲਾਨ

ਨਿਊਯਾਰਕ - ਭਾਰਤੀ ਮੂਲ ਦੇ ਅਸ਼ਵਿਨ ਰਾਮਾਸਵਾਮੀ, ਜੋ ਕਿ ਅਮਰੀਕਾ ਦੀ ਜਾਰਜੀਆ ਸਟੇਟ ਸੈਨੇਟ ਡਿਸਟ੍ਰਿਕਟ 48 ਲਈ ਚੋਣ ਲੜ ਰਹੇ ਡੈਮੋਕਰੇਟ ਹਨ। ਬੀਤੇ ਦਿਨ ਉਸ ਨੂੰ ਅਮਰੀਕੀ ਸੈਨੇਟਰ ਜੋਨ ਓਸੌਫ



ਤੋਂ ਆਪਣੀ ਮੁਹਿੰਮ ਨੂੰ ਵੱਡਾ ਹੁਲਾਰਾ ਮਿਲਿਆ। 1 ਜੁਲਾਈ ਨੂੰ ਜੌਨ ਓਸੋਫ ਨੇ ਰਸਮੀ ਤੌਰ @ਤੇ ਆਪਣਾ ਸਮਰਥਨ ਉਸ ਨੂੰ ਦੇਣ ਦਾ ਐਲਾਨ ਕੀਤਾ। ਡੋਨਾਲਡ ਟਰੰਪ ਦੇ ਨਾਲ 2020 ਦੇ ਚੋਣ ਨਤੀਜਿਆਂ ਨੂੰ ਬਦਲਣ ਦੀ ਕੋਸ਼ਿਸ਼ ਕਰਨ ਲਈ ਜਾਰਜੀਆ ਵਿੱਚ ਸਟੇਟ ਸੈਨੇਟਰ ਸ਼ੌਨ ਸਟਿਲ ਦੇ ਦੋਸ਼ਾਂ ਤੋਂ ਬਾਅਦ ਰਾਮਾਸਵਾਮੀ ਦੀ ਸਟਿਲ ਖ਼ਿਲਾਫ਼ ਮੁਹਿੰਮ ਨੇ ਕਾਫ਼ੀ ਗਤੀ ਪ੍ਰਾਪਤ ਕੀਤੀ ਹੈ। ਸੈਨੇਟਰ ਓਸੌਫ ਨੇ ਕਿਹਾ ਕਿ ਅਸ਼ਵਿਨ ਰਾਮਾਸਵਾਮੀ, ਜੇਕਰ ਜਾਰਜੀਆ ਸਟੇਟ ਸੈਨੇਟ ਲਈ ਚੁਣਿਆ ਜਾਂਦਾ ਹੈ, ਤਾਂ ਉਹ ਆਪਣੇ ਹਲਕੇ ਦੀ ਨੁਮਾਇੰਦਗੀ ਕਰਨ ਅਤੇ ਲੋਕਤੰਤਰ ਨੂੰ ਸੁਰੱਖਿਅਤ ਰੱਖਣ ਲਈ ਪੂਰੀ ਲਗਨ ਦੇ ਨਾਲ ਕੰਮ ਕਰੇਗਾ। ਅਸ਼ਵਿਨ ਇੱਕ ਸਾਬਕਾ ਚੋਣ ਸੁਰੱਖਿਆ ਮਾਹਰ ਇੱਕ ਮੈਗਾ ਸਿਆਸਤਦਾਨ ਨੂੰ ਚੁਣੌਤੀ ਦੇ ਰਿਹਾ ਹੈ। ਜਿਸ @ਤੇ ਰਾਫੇਲ ਵਾਰਨੌਕ ਅਤੇ ਮੇਰੇ ਤੋਂ 2020 ਦੀਆਂ ਚੋਣਾਂ ਚੋਰੀ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਹੈ। ਸੈਨੇਟ ਜ਼ਿਲ੍ਹਾ 48 ਵਿੱਚ ਲੋਕਤੰਤਰ ਨੂੰ ਬੈਲਟ ਤੇ ਪਾਉਣਾ ਕੋਈ ਅਤਿਕਥਨੀ ਨਹੀਂ ਹੈ। ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਮੈਂ ਸਟੇਟ ਸੈਨੇਟਰ ਦੇ ਅਹੁਦੇ ਲਈ ਅਸ਼ਵਿਨ ਦਾ ਸਮਰਥਨ ਕਰਦਾ ਹਾਂ। ਡੈਮੋਕ੍ਰੇਟਿਕ ਪਾਰਟੀ ਨੇ 24 ਸਾਲਾ ਰਾਮਾਸਵਾਮੀ ਨੂੰ ਨਾਮਜ਼ਦ ਕੀਤਾ ਹੈ। ਜੋ ਹੁਣੇ ਜਾਰਜਟਾਊਨ ਯੂਨੀਵਰਸਿਟੀ ਤੋਂ ਗ੍ਰੈਜੂਏਟ ਹੋਇਆ ਹੈ।





Are you paying too much for Auto, Home, Business, Workman Compensation, Contractors, General Liability, E&O ?

*Call us today for complimentary Analysis of your policy.*

*Sharanjit Singh Thind, Phone 646 875 8495*



# ਅਮਰੀਕਾ ’ਚ 13 ਸਾਲ ਦੇ ਬੱਚੇ ਨੇ ਪੁਲਿਸ ਨੂੰ ਦਿਖਾਈ ਨਕਲੀ ਬੰਦੂਕ, ਅਫ਼ਸਰ ਨੇ ਅਸਲੀ ਸਮਝ ਕੇ ਮਾਰ ਦਿੱਤੀ ਗੋਲ਼ੀ



ਨਿਊਯਾਰਕ-ਅਮਰੀਕਾ ’ਚ ਗੋਲੀਬਾਰੀ ਰੁਕਣ ਦਾ ਨਾਂ ਨਹੀਂ ਲੈ ਰਹੀ ਹੈ। ਹੁਣ ਅਮਰੀਕਾ ਦੇ ਨਿਊਯਾਰਕ ਤੋਂ ਇੱਕ ਪੁਲਿਸ ਅਧਿਕਾਰੀ ਵੱਲੋਂ 13 ਸਾਲ ਦੇ ਬੱਚੇ ’ਤੇ ਗੋਲੀ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਪੁਲਿਸ ਤੋਂ ਬਚਣ ਲਈ ਬੱਚੇ ਨੇ ਉਨ੍ਹਾਂ ਨੂੰ ਬੰਦੂਕ ਵਰਗੀ ਕੋਈ ਚੀਜ਼ ਦਿਖਾਈ। ਮੈਨਹਟਨ ਤੋਂ ਲਗਭਗ 240 ਮੀਲ (400 ਕਿਲੋਮੀਟਰ) ਦੀ ਦੂਰੀ ਤੇ, ਯੂਟਿਕਾ ਪੁਲਿਸ ਅਧਿਕਾਰੀਆਂ ਨੇ ਰਾਤ 10 ਵਜੇ ਦੋ ਵਿਅਕਤੀਆਂ ਨੂੰ ਡਕੈਤੀ ਦੀ ਜਾਂਚ ਕਰਦੇ ਹੋਏ ਰੋਕਿਆ।

ਪੁਲਿਸ ਨੇ ਦੱਸਿਆ ਕਿ 13 ਸਾਲਾ ਦੋ ਨੌਜਵਾਨਾਂ ਦੀ ਦਿੱਖ ਲੁੱਟ ਦੇ ਸ਼ੱਕੀ ਵਿਅਕਤੀਆਂ ਨਾਲ ਮੇਲ ਖਾਂਦੀ ਸੀ। ਉਨ੍ਹਾਂ ਵਿਚੋਂ ਇਕ ਸੜਕ ’ਤੇ ਪੈਦਲ ਜਾ ਰਿਹਾ ਸੀ ਅਤੇ ਦੂਜਾ ਭੱਜ ਗਿਆ ਅਤੇ ਪਹਿਲੇ ਨੇ ਪੁਲਿਸ ਨੂੰ ਬੰਦੂਕ ਦਿਖਾਈ। ਇਸ ਤੋਂ ਬਾਅਦ ਪੁਲਿਸ ਨੇ ਬੰਦੂਕ ਨੂੰ ਅਸਲੀ ਸਮਝ ਕੇ ਬੱਚੇ ਦੀ ਛਾਤੀ ’ਚ ਗੋਲੀ ਮਾਰ ਦਿੱਤੀ।ਪੁਲਿਸ ਨੇ ਕਿਹਾ ਕਿ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਇੱਕ ਬੰਦੂਕ ਸੀ। ਪੁਲਿਸ ਅਤੇ ਬੱਚੇ ਵਿਚਕਾਰ ਝੜਪ ਦੌਰਾਨ ਇੱਕ ਅਧਿਕਾਰੀ ਨੇ ਗੋਲੀ ਚਲਾਈ ਜੋ ਬੱਚੇ ਦੀ ਛਾਤੀ ਵਿੱਚ ਲੱਗੀ। ਪਤਾ ਲੱਗਾ ਹੈ ਕਿ ਇਸ ਦੇ ਅਧਿਕਾਰੀਆਂ ਵੱਲੋਂ ਬੱਚੇ ਨੂੰ ਤੁਰੰਤ ਇਲਾਜ ਲਈ ਵਿਨ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।ਤੁਹਾਨੂੰ ਦੱਸ ਦੇਈਏ ਕਿ ਬੱਚੇ ਦੇ ਹੱਥ ਵਿੱਚ ਜੋ ਬੰਦੂਕ ਸੀ, ਉਹ ਅਸਲ ਬੰਦੂਕ ਦੇ ਫੀਚਰਜ਼ ਨਾਲ ਬਹੁਤ ਚੰਗੀ ਤਰ੍ਹਾਂ ਮੇਲ ਖਾਂਦੀ ਸੀ। ਦੂਜੇ ਬੱਚੇ ਨੂੰ ਬਾਅਦ ਵਿੱਚ ਪੁਲਿਸ ਦੀ ਕਾਰ ਦੇ ਪਿਛਲੇ ਹਿੱਸੇ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ ਸੀ ਅਤੇ ਉਹ ਗੋਲੀਬਾਰੀ ਵਿੱਚ ਸ਼ਾਮਲ ਨਹੀਂ ਸੀ। ਇਸ ਘਟਨਾ ਦੀ ਪੂਰੀ ਘਟਨਾ ਵੀਡੀਓ ’ਚ ਰਿਕਾਰਡ ਹੋ ਗਈ ਹੈ।ਗੋਲੀ ਚਲਾਉਣ ਵਾਲੇ ਅਧਿਕਾਰੀ ਦੀ ਪਛਾਣ ਪੈਟਰਿਕ ਹੁਸਨੀ ਵਜੋਂ ਹੋਈ ਹੈ।

ਦੱਸ ਦੇਈਏ ਕਿ ਪੁਲਿਸ ਵਿਭਾਗ ਇਸ ਮਾਮਲੇ ਦੀ ਹੋਰ ਜਾਂਚ ਕਰ ਰਿਹਾ ਹੈ। ਇਸ ਦੇ ਨਾਲ ਹੀ ਸੂਬੇ ਦੇ ਅਟਾਰਨੀ ਜਨਰਲ ਵੀ ਇਸ ਮਾਮਲੇ ਵਿੱਚ ਅਸਲ ਤੱਥਾਂ ਦੀ ਜਾਂਚ ਕਰਨਗੇ ਅਤੇ ਪਤਾ ਲਗਾਉਣਗੇ ਕਿ ਕੀ ਪੁਲਿਸ ਵੱਲੋਂ ਗੋਲੀ ਚਲਾਉਣ ਦੀ ਇਹ ਘਟਨਾ ਜਾਇਜ਼ ਸੀ ਜਾਂ ਨਹੀਂ।

# ਕਾਲੇ’ ਅਤੇ ‘ਲਾਤੀਨੀ’ ਲੋਕਾਂ ਦੀਆਂ ਨੌਕਰੀਆਂ ਖੋਹ ਰਹੇ ਨੇ ਪ੍ਰਵਾਸੀ : ਟਰੰਪ

ਵਾਸ਼ਿੰਗਟਨ- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਨਾਲ ਬਹਿਸ ਅਤੇ ਇਕ ਰੈਲੀ ਦੌਰਾਨ ਦਾਅਵਾ ਕੀਤਾ ਕਿ ਪ੍ਰਵਾਸੀ ਅਮਰੀਕਾ ਵਿਚ ਕਾਲੇ ਅਤੇ ਲਾਤੀਨੀ ਅਮਰੀਕੀਆਂ ਦੀਆਂ ਨੌਕਰੀਆਂ ਖੋਹ ਰਹੇ ਹਨ। ਟਰੰਪ ਦੇ ਇਸ ਬਿਆਨ ਦੀ ਉਨ੍ਹਾਂ ਦੇ ਆਲੋਚਕਾਂ ਨੇ ਸਖ਼ਤ ਨਿਖੇਧੀ ਕੀਤੀ ਅਤੇ ਕਿਹਾ ਕਿ ਇਹ ਵੋਟ ਬੈਂਕ ਦਾ ਘੇਰਾ ਵਧਾਉਣ ਦੀ ਉਨ੍ਹਾਂ ਦੀ ਇਹ ਨਸਲਵਾਦੀ ਅਤੇ ਅਪਮਾਨਜਨਕ ਕੋਸ਼ਿਸ਼ ਹੈ।ਅਮਰੀਕਾ ਵਿਚ ਰਾਸ਼ਟਰਪਤੀ ਚੋਣ ਪ੍ਰਕਿਰਿਆ ਦੇ ਹਿੱਸੇ ਵਜੋਂ ਟਰੰਪ ਅਤੇ ਬਾਈਡੇਨ ਵਿਚਕਾਰ ਲਗਭਗ 90 ਮਿੰਟ ਤਕ ਕਾਫੀ ਬਹਿਸ ਹੋਈ। ਬਿਨਾਂ ਕੋਈ ਸਬੂਤ ਪੇਸ਼ ਕੀਤੇ ਟਰੰਪ ਨੇ ਕਿਹਾ ਕਿ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਚਾਹੁੰਦੇ ਹਨ ਕਿ ਵੋਟਰਾਂ ਦੇ ਤੌਰ ’ਤੇ ਅਮਰੀਕੀਆਂ ਦੀ ਥਾਂ ਪ੍ਰਵਾਸੀ ਲੈਣ। ਟਰੰਪ ਅਤੇ ਉਸਦੇ ਸਹਿਯੋਗੀ ਮੰਨਦੇ ਹਨ ਕਿ ਅਜਿਹੀ ਬਿਆਨਬਾਜ਼ੀ ਸਾਬਕਾ ਰਾਸ਼ਟਰਪਤੀ ਦੀ ਕਾਲੇ ਅਤੇ ਲਾਤੀਨੀ ਅਮਰੀਕੀ ਭਾਈਚਾਰਿਆਂ ਤੱਕ ਪਹੁੰਚ ਵਧਾਏਗੀ, ਜੋ ਬਾਈਡੇਨ ਦੀ ਕਾਰਗੁਜ਼ਾਰੀ ਤੋਂ ਅਸੰਤੁਸ਼ਟ ਹਨ।








# ਭਾਰਤੀ ਮੂਲ ਦੇ 38 ਸਾਲ ਦੇ ਅਰਬਪਤੀ ਰਿਸ਼ੀ ਸ਼ਾਹ ਨੂੰ ਅਦਾਲਤ ਨੇ ਸੁਣਾਈ ਸਾਢੇ ਸੱਤ ਸਾਲ ਦੀ ਕੈਦ ਦੀ ਸਜ਼ਾ

ਨਿਊਯਾਰਕ - ਬੀਤੇਂ ਦਿਨ ਸ਼ਿਕਾਗੋ ਦੀ ਇਕ ਅਦਾਲਤ ਨੇ 31 ਸਾਲਾ ਭਾਰਤੀ ਮੂਲ ਦੇ ਇਕ ਵਿਅਕਤੀ ਰਿਸ਼ੀ ਪਟੇਲ, ਨੂੰ ਇਕ ਬਿਲੀਅਨ ਡਾਲਰ ਦੀ ਧੋਖਾਧੜੀ ਕਰਨ ਦੇ ਦੋਸ਼ ਹੇਠ ਸਾਢੇ ਸੱਤ ਸਾਲ ਦੀ ਸ਼ਜਾ ਸੁਣਾਈ ਹੈ। ਰਿਸ਼ੀ ਸ਼ਾਹ, ਜੋ ਕਦੇ ਅਮਰੀਕਾ ਦੇ ਸੂਬੇ ਸ਼ਿਕਾਗੋ ਦੇ ਸਭ ਤੋਂ ਅਮੀਰ ਭਾਰਤੀਆਂ ਵਿੱਚੋਂ ਗਿਣਿਆ ਜਾਂਦਾ ਸੀ। ਆਊਟਕਮ ਹੈਲਥ ਨਾਮੀਂ ਦੇ 38 ਸਾਲਾ ਸੀ.ਈ.ਓ. ਰਿਸ਼ੀ ਸ਼ਾਹ ਨੂੰ ਪਿਛਲੇ ਸਾਲ ਦੋਸ਼ੀ ਠਹਿਰਾਇਆ ਗਿਆ ਸੀ। ਇਸ ਦੇ ਨਾਲ ਹੀ ਫਰਮ ਦੀ ਸਾਬਕਾ ਪ੍ਰਧਾਨ ਸ਼ਾਰਧਾ ਅਗਰਵਾਲ ਦੇ ਨਾਲ ਕੰਪਨੀ ਦੇ ਮੁੱਖ ਵਿੱਤੀ ਅਧਿਕਾਰੀ ਬ੍ਰੈਡ ਪਰਡੀ ਨੂੰ ਵੀ ਧੋਖਾਧੜੀ ਦੇ ਦੋਸ਼ਾਂ ਚ ਅਦਾਲਤ ਨੇ ਦੋਸ਼ੀ ਠਹਿਰਾਇਆ ਹੈ। ਇਨ੍ਹਾਂ ਨੂੰ ਸਜ਼ਾ ਹੋਣੀ ਤੈਅ ਹੈ। ਉਹਨਾਂ ਨੂੰ ਜੁਲਾਈ ਦੇ ਪਹਿਲੇ ਹਫ਼ਤੇ ਸਜ਼ਾ ਸੁਣਾਏ ਜਾਣ ਦੀ ਸੰਭਾਵਨਾ ਹੈ।



ਫੋਰਬਸ ਦੀ ਅਮਰੀਕੀ ਅਰਬਪਤੀਆਂ ਦੀ ਸੂਚੀ ਵਿੱਚ ਰਿਸ਼ੀ ਸ਼ਾਹ 400ਵੇਂ ਸਥਾਨ ਤੇ ਸੀ। ਉਸ ਕੋਲ ਇੱਕ ਨਿੱਜੀ ਜਹਾਜ਼ ਅਤੇ ਉਹ ਜਿਸ ਘਰ ਵਿੱਚ ਰਹਿੰਦੇ ਸਨ, ਉਸ ਦੀ ਕੀਮਤ ਵੀ 80 ਲੱਖ ਡਾਲਰ ਮੰਨੀ ਜਾਂਦੀ ਹੈ। ਰਿਸ਼ੀ ਸ਼ਾਹ ਦੀ ਕੰਪਨੀ, ਆਊਟਕਮ ਹੈਲਥ, 2011 ਵਿੱਚ 11 ਕਰਮਚਾਰੀਆਂ ਤੋਂ 2017 ਵਿੱਚ 500 ਤੋਂ ਵੱਧ, ਬਹੁਤ ਘੱਟ ਸਮੇਂ ਵਿੱਚ ਬਹੁਤ ਅੱਗੇ ਵਧ ਗਈ ਸੀ। ਸ਼ਿਕਾਗੋ ਦੀਆਂ ਸਭ ਤੋਂ ਚਰਚਿਤ ਤਕਨੀਕੀ ਕੰਪਨੀਆਂ ਵਿੱਚੋਂ ਇੱਕ ਸੀ। ਹਾਲਾਂਕਿ, ਰਿਸ਼ੀ ਸ਼ਾਹ ਨੇ ਆਪਣਾ ਪੂਰਾ ਸਾਮਰਾਜ ਝੂਠ ਤੇ ਬਣਾਇਆ, ਸੀ ਅਤੇ ਇਸ ਕਾਰਨ ਸਫਲਤਾ ਦੇ ਸੱਤਵੇਂ ਅਸਮਾਨ ਤੇ ਉੱਡ ਰਹੇ ਰਿਸ਼ੀ ਸ਼ਾਹ ਕੁਝ ਸਮੇਂ ਵਿੱਚ ਹੀ ਡਿੱਗ ਕੇ ਜ਼ਮੀਨ ਤੇ ਆ ਗਿਆ।

80 ਪ੍ਰਤੀਸ਼ਤ ਆਉਟਕਮ ਹੈਲਥ ਦੇ ਮਾਲਕ ਰਿਸ਼ੀ ਸ਼ਾਹ ਜਦੋਂ ਨਾਰਥਵੈਸਟਰਨ ਯੂਨੀਵਰਸਿਟੀ ਵਿੱਚ ਇੱਕ ਵਿਦਿਆਰਥੀ ਸੀ। ਉਸ ਸਮੇਂ ਉਸਨੇ ਇੱਕ ਕੰਪਨੀ ਬਣਾਈ, ਜਿਸ ਦਾ ਕੰਮ ਡਾਕਟਰਾਂ ਦੇ ਦਫਤਰਾਂ, ਹਸਪਤਾਲਾਂ ਜਾਂ ਕਲੀਨਿਕ ਵੇਟਿੰਗ ਰੂਮ ਵਿੱਚ ਲਗਾਏ ਗਏ ਟੀਵੀ ਜਾਂ ਟੈਬਲੇਟਾਂ @ਤੇ ਫਾਰਮਾ ਕੰਪਨੀ ਦੇ ਇਸ਼ਤਿਹਾਰ ਦਿਖਾਉਣਾ ਸੀ। ਕੋਈ ਵੀ ਕੰਪਨੀ ਇਸ਼ਤਿਹਾਰਾਂ @ਤੇ ਖਰਚ ਕਰਦੇ ਸਮੇਂ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦਿੰਦੀ ਹੈ ਕਿ ਕੀ ਉਸਦਾ ਵਿਗਿਆਪਨ ਟੀਚੇ ਵਾਲੇ ਦਰਸ਼ਕਾਂ ਤੱਕ ਪਹੁੰਚਦਾ ਵੀ ਹੈ, ਜਾਂ ਨਹੀਂ। ਰਿਸ਼ੀ ਸ਼ਾਹ ਦੀ ਕੰਪਨੀ ਦੀ ਸੇਵਾ ਇਸ ਪੱਖੋਂ ਵਿਲੱਖਣ ਸੀ ਕਿ ਇਹ ਡਾਕਟਰਾਂ ਦੇ ਕਲੀਨਿਕਾਂ ਵਿੱਚ ਫਾਰਮਾ ਵਿਗਿਆਪਨ ਦਿਖਾਉਂਦੀ ਸੀ, ਤਾਂ ਜੋ ਇਹ ਵਿਗਿਆਪਨ ਸਿੱਧੇ ਤੌਰ @ਤੇ ਇਸਦੇ ਨਿਸ਼ਾਨੇ ਵਾਲੇ ਦਰਸ਼ਕਾਂ ਨੂੰ ਦਿਖਾਈ ਦੇਣ ਅਤੇ ਫਾਰਮਾ ਕੰਪਨੀਆਂ ਇਸ ਲਈ ਰਿਸ਼ੀ ਨੂੰ ਮੋਟੀ ਫੀਸ ਦੇਣ ਲਈ ਤਿਆਰ ਹੁੰਦੀਆਂ ਸਨ।

ਪਿਛਲੇ ਸਾਲ ਕੇਸ ਦੀ ਸੁਣਵਾਈ ਦੌਰਾਨ, ਸਰਕਾਰੀ ਵਕੀਲ ਨੇ ਇਸ ਬਾਰੇ ਵੱਡੇ ਖੁਲਾਸੇ ਕੀਤੇ ਕਿ ਅਰਬ ਡਾਲਰ ਦਾ ਘਪਲਾ ਕਿਵੇਂ ਕੀਤਾ ਗਿਆ ਸੀ। ਅਦਾਲਤ ਵਿੱਚ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਦੇ ਅਨੁਸਾਰ ਰਿਸ਼ੀ ਸ਼ਾਹ ਦੀ ਕੰਪਨੀ ਫਾਰਮਾ ਕੰਪਨੀਆਂ ਤੋਂ ਆਪਣੇ ਇਸ਼ਤਿਹਾਰਾਂ ਨੂੰ ਦਿਖਾਉਣ ਲਈ ਝੂਠੇ ਅੰਕੜੇ ਦੇ ਕੇ ਮੋਟੀਆਂ ਕੀਮਤਾਂ ਵਸੂਲ ਰਹੀ ਸੀ ਕਿ ਉੱਥੇ ਕਿੰਨੇ ਡਾਕਟਰਾਂ ਨੇ ਆਪਣੇ ਟੀਵੀ ਅਤੇ ਟੈਬਲੇਟ ਲਗਾਏ ਹੋਏ ਹਨ।

ਸੌਖੇ ਸ਼ਬਦਾਂ ਵਿੱਚ, ਰਿਸ਼ੀ ਸ਼ਾਹ ਦੀ ਕੰਪਨੀ ਨੇ ਅਸਲ ਵਿੱਚ ਉਨ੍ਹਾਂ ਡਾਕਟਰਾਂ ਦੀ ਗਿਣਤੀ ਦੇ ਅਸਲ ਅੰਕੜੇ ਛੁਪਾਏ ਜਿਨ੍ਹਾਂ ਨੇ ਅਸਲ ਵਿੱਚ ਆਪਣੇ ਟੀਵੀ ਅਤੇ ਟੈਬਲੇਟ ਉਥੇ ਲਗਾਏ ਹੋਏ ਸਨ ਅਤੇ ਆਪਣੇ ਗਾਹਕਾਂ ਨੂੰ ਝੂਠੇ ਅਤੇ ਵੱਡੇ ਅੰਕੜੇ ਪੇਸ਼ ਕੀਤੇ ਅਤੇ ਝੂਠੇ ਵਾਅਦੇ ਕਰਕੇ ਉਨ੍ਹਾਂ ਤੋਂ ਹੋਰ ਡਾਲਰਾਂ ਦੀ ਲੁੱਟ ਖਸੁੱਟ ਕੀਤੀ ਕਿ ਉਨ੍ਹਾਂ ਦੇ ਇਸ਼ਤਿਹਾਰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਣਗੇ।

ਕੰਪਨੀਆਂ ਨੂੰ ਧੋਖਾ ਦੇਣ ਦੇ ਨਾਲ-ਨਾਲ ਰਿਸ਼ੀ ਸ਼ਾਹ ਨੇ ਨਿਵੇਸ਼ਕਾਂ ਤੋਂ ਫੰਡ ਅਤੇ ਸੁਰੱਖਿਅਤ ਕਰਜ਼ੇ ਪ੍ਰਾਪਤ ਕਰਨ ਲਈ ਕੰਪਨੀ ਦੇ ਮਾਲੀਏ ਦੇ ਅੰਕੜਿਆਂ ਵਿੱਚ ਵੀ ਹੇਰਾਫੇਰੀ ਕੀਤੀ ਅਤੇ ਰਿਣਦਾਤਿਆਂ ਅਤੇ ਉੱਚ-ਪ੍ਰੋਫਾਈਲ ਨਿਵੇਸ਼ਕਾਂ ਤੋਂ 1 ਬਿਲੀਅਨ ਡਾਲਰ ਇਕੱਠੇ ਕੀਤੇ।

# ਪੰਜਾਬ ਚ ਅੰਮ੍ਰਿਤਪਾਲ ਦੀ ਨੋ ਐਂਟਰੀ, ਪੈਰੋਲ ਤੇ ਕਿੱਥੇ ਰਹੇਗਾ ਤੇ ਕੀ ਕਰੇਗਾ ?



ਵਾਰਿਸ ਪੰਜਾਬ ਦੇ ਮੁਖੀ ਅਤੇ ਪੰਜਾਬ ਦੀ ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਚੋਣ ਜਿੱਤਣ ਵਾਲੇ ਅੰਮ੍ਰਿਤਪਾਲ ਸਿੰਘ ਜਲਦੀ ਹੀ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਜਾ ਰਹੇ ਹਨ। ਅੰਮ੍ਰਿਤਪਾਲ ਸਿੰਘ ਨੂੰ ਚਾਰ ਦਿਨ ਦੀ ਪੈਰੋਲ ਦਿੱਤੀ ਗਈ ਹੈ।ਇਸ ਦੌਰਾਨ ਅੰਮ੍ਰਿਤਪਾਲ ਸਿੰਘ 5 ਜੁਲਾਈ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕ ਸਕਦੇ ਹਨ। ਅੰਮ੍ਰਿਤਪਾਲ ਸਿੰਘ ਨੂੰ ਕੁਝ ਸ਼ਰਤਾਂ ਦੇ ਆਧਾਰ 'ਤੇ ਪੈਰੋਲ ਦਿੱਤੀ ਗਈ ਹੈ।ਸ਼ਰਤਾਂ ਮੁਤਾਬਕ ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਦੌਰਾਨ ਦਿੱਲੀ ਰਹਿਣਾ ਪਵੇਗਾ। ਉਨ੍ਹਾਂ ਦਾ ਯਾਤਰੀ ਸਟਾਪਓਵਰ ਵੀ ਦਿੱਲੀ ਵਿੱਚ ਹੀ ਹੋਵੇਗਾ। ਇਸ ਸਮੇਂ ਦੌਰਾਨ ਉਹ ਰਈਆ ਸਥਿਤ ਆਪਣੇ ਘਰ ਨਹੀਂ ਜਾ ਸਕਦੇ, ਨਾ ਹੀ ਆਪਣੇ ਲੋਕ ਸਭਾ ਹਲਕੇ ਅਤੇ ਨਾ ਹੀ ਪੰਜਾਬ ਜਾ ਸਕਦੇ ਹਨ।

ਪੈਰੋਲ ਦੌਰਾਨ ਵੀ ਅੰਮ੍ਰਿਤਪਾਲ ਸਿੰਘ ਨੂੰ ਸੁਰੱਖਿਆ ਘੇਰੇ ਵਿੱਚ ਰਹਿਣਾ ਪਵੇਗਾ। ਇੱਥੋਂ ਤੱਕ ਕਿ ਅੰਮ੍ਰਿਤਪਾਲ ਸਿੰਘ ਨੂੰ ਹਵਾਈ, ਸੜਕ ਜਾਂ ਰੇਲ ਰਾਹੀਂ ਦਿੱਲੀ ਲਿਆਂਦਾ ਜਾਵੇਗਾ, ਇਹ ਵੀ ਗੁਪਤ ਰੱਖਿਆ ਗਿਆ ਹੈ। ਪੁਲਿਸ ਪ੍ਰਸ਼ਾਸਨ ਤੈਅ ਕਰੇਗਾ ਕਿ ਉਨ੍ਹਾਂ ਨੂੰ ਦਿੱਲੀ ਕਿਵੇਂ ਲਿਆਂਦਾ ਜਾਵੇਗਾ।

ਪਰਿਵਾਰ ਨੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਲਿਆਉਣ ਦੀ ਕੀਤੀ ਮੰਗ-ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਮਿਲਣ ਦੀ ਸੂਚਨਾ ਮਿਲਣ ਤੋਂ ਬਾਅਦ ਪਰਿਵਾਰ ਵੱਲੋਂ ਵੀ ਪ੍ਰਤੀਕਰਮ ਆਇਆ ਹੈ। ਉਨ੍ਹਾਂ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਆਉਣ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਨੂੰ ਪੰਜਾਬ ਆਉਣ ਦਿੱਤਾ ਜਾਵੇ ਤਾਂ ਜੋ ਉਹ ਖਡੂਰ ਸਾਹਿਬ ਲੋਕ ਸਭਾ ਸੀਟ ਦੇ ਵੋਟਰਾਂ ਦਾ ਧੰਨਵਾਦ ਕਰ ਸਕਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਸਕਣ।

INDO US EXPRESS, INC.
INDO US EXPRESS, INC.
Worldwide Couriers / Freight Forwarders
Domestic Rush Delivery / Import / Export
Custom Clearance / Trading Consultant
Gurinder Singh
CEO
SALES OFFICE
224 West 30th St., #604, New York, NY 10001
Mail: P.O. Box 7304, Hicksville, NY 11802
Office: 212.447.5720 Fax: 516.932.3750
Delhi: 98.1849.0552
Mumbai: 92.2453.1807
New York: 347.538.7041
Visit US Online: www.indousexpress.com
Email: indousexpress@gmail.com

# ਅਮਰੀਕੀ ਸੰਸਦ ਮੈਂਬਰਾਂ ਨੇ ਹਿੰਦੂਆਂ ਨੂੰ ਵਿਤਕਰੇ ਅਤੇ ਹਿੰਦੂਫੋਬੀਆ ਖ਼ਿਲਾਫ਼ ਦਿਵਾਇਆ ਭਰੋਸਾ



ਵਾਸ਼ਿੰਗਟਨ- ਅਮਰੀਕਾ ਦੇ ਉੱਘੇ ਸੰਸਦ ਮੈਂਬਰਾਂ ਨੇ ਅਮਰੀਕਾ ਵਿਚ ਘੱਟ ਗਿਣਤੀ ਹਿੰਦੂ ਭਾਈਚਾਰੇ ਨਾਲ ਵੱਧ ਰਹੇ 'ਹਿੰਦੂਫੋਬੀਆ' ਅਤੇ ਵਿਤਕਰੇ ਵਿਰੁੱਧ ਲੜਨ ਲਈ ਭਾਰਤੀ ਅਮਰੀਕੀਆਂ ਨੂੰ ਸਮਰਥਨ ਦੇਣ ਦਾ ਵਾਅਦਾ ਕੀਤਾ ਹੈ। ਹਿੰਦੂਫੋਬੀਆ ਹਿੰਦੂ ਧਰਮ ਅਤੇ ਹਿੰਦੂਆਂ ਪ੍ਰਤੀ ਦੁਸ਼ਮਣੀ ਅਤੇ ਅਪਮਾਨਜਨਕ ਰਵੱਈਏ ਅਤੇ ਵਿਵਹਾਰ ਨੂੰ ਦਰਸਾਉਂਦਾ ਹੈ। 28 ਜੂਨ ਨੂੰ ਕੁਲੀਸ਼ਨ ਆਫ਼ ਹਿੰਦੂਜ਼ ਆਫ਼ ਨਾਰਥ ਅਮਰੀਕਾ (3®8©1) ਦੁਆਰਾ ਆਯੋਜਿਤ ਤੀਜੇ ਰਾਸ਼ਟਰੀ ਹਿੰਦੂ ਵਕਾਲਤ ਦਿਵਸ ਨੇ ਕਈ ਹਿੰਦੂ ਵਿਦਿਆਰਥੀਆਂ, ਖੋਜੀਆਂ ਅਤੇ ਭਾਈਚਾਰੇ ਦੇ ਨੇਤਾਵਾਂ ਨੂੰ ਸੰਯੁਕਤ ਰਾਜ ਵਿੱਚ ਰਹਿਣ ਵਾਲੇ ਹਿੰਦੂਆਂ ਦੀਆਂ ਚਿੰਤਾਵਾਂ ਬਾਰੇ ਚਰਚਾ ਕਰਨ ਲਈ ਇਕੱਠੇ ਕੀਤਾ। ਕਾਂਗਰਸ ਮੈਂਬਰ ਸ਼੍ਰੀ ਥਾਣੇਦਾਰ ਨੇ ਵਾਸ਼ਿੰਗਟਨ ਵਿੱਚ ਇਕ ਦਿਨੀਂ ਸਮਰਥਨ ਦਿਵਸ ਵਿੱਚ ਆਪਣੇ ਸੰਬੋਧਨ ਵਿੱਚ ਕਿਹਾ,÷ਅਸੀਂ ਇੱਥੇ ਹਾਂ ਅਤੇ ਅਸੀਂ ਲੜ ਰਹੇ ਹਾਂ।÷ ਥਾਣੇਦਾਰ ਨੇ ਕਿਹਾ, ÷ਤੁਹਾਡੀ ਸਾਰਿਆਂ ਦੀ ਆਵਾਜ਼ ਉਹੀ ਹੈ ਜੋ ਕਾਂਗਰਸ ਵਿੱਚ ਹਿੰਦੂ ਭਾਈਚਾਰੇ ਦੀ ਹੈ।÷ ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰ ਥਾਣੇਦਾਰ ਨੇ @ਹਿੰਦੂਫੋਬੀਆ@ ਅਤੇ ਮੰਦਰਾਂ @ਤੇ ਹਮਲਿਆਂ ਦੀ ਨਿੰਦਾ ਕਰਦੇ ਹੋਏ ਸਦਨ @ਚ ਮਤਾ ਪੇਸ਼ ਕੀਤਾ ਹੈ। ਇਸ ਵਿੱਚ ਹਿੰਦੂ ਅਮਰੀਕੀ ਭਾਈਚਾਰੇ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਹਿੰਦੂ ਫੋਬੀਆ, ਭੇਦਭਾਵ ਜਾਂ ਨਫ਼ਰਤ ਦੇ ਹੋਰ ਰੂਪਾਂ ਨੂੰ ਬਰਦਾਸ਼ਤ ਨਹੀਂ ਕਰਨਗੇ। ਕਾਂਗਰਸਮੈਨ ਰਿਚ ਮੈਕਕਾਰਮਿਕ ਨੇ ਨੀਤੀ ਨਿਰਮਾਣ ਵਿੱਚ ਹਿੰਦੂ ਅਮਰੀਕੀ ਅਤੇ ਭਾਰਤੀ ਅਮਰੀਕੀ ਭਾਈਚਾਰੇ ਦੀ ਲਗਾਤਾਰ ਵੱਧ ਰਹੀ ਭਾਗੀਦਾਰੀ ਅਤੇ ਅਮਰੀਕਾ ਦੇ ਭਵਿੱਖ ਨੂੰ ਬਦਲਣ ਦੀ ਇਸ ਦੀ ਸੰਭਾਵਨਾ ਦਾ ਸਵਾਗਤ ਕੀਤਾ। ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਨੇ ਹਿੰਦੂ ਅਮਰੀਕੀਆਂ ਦੇ ਯੋਗਦਾਨ ਦਾ ਸਨਮਾਨ ਕਰਦੇ ਹੋਏ ਹਾਊਸ ਰੈਜ਼ੋਲੂਸ਼ਨ 1131 ਦੇ ਸਮਰਥਨ ਵੱਲ ਧਿਆਨ ਖਿੱਚਿਆ। ਰਿਪਬਲਿਕਨ ਕਾਂਗਰਸਮੈਨ ਗਲੇਨ ਗ੍ਰੋਥਮੈਨ ਨੇ ਭਾਈਚਾਰੇ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕੀਤਾ। ਕਾਂਗਰਸ ਮੈਂਬਰ ਰੋ ਖੰਨਾ ਨੇ ਪਿਛਲੇ ਇੱਕ ਦਹਾਕੇ ਦੌਰਾਨ ਕਮਿਊਨਿਟੀ ਸਮਰਥਨ ਵਿੱਚ ਵਾਧਾ ਨੋਟ ਕੀਤਾ। ਇਸ ਸਮਾਗਮ ਵਿੱਚ ਅਮਰੀਕਾ ਦੇ 15 ਰਾਜਾਂ ਤੋਂ ਵੱਡੀ ਗਿਣਤੀ ਵਿੱਚ ਹਿੰਦੂ ਨੌਜਵਾਨਾਂ ਸਮੇਤ 100 ਤੋਂ ਵੱਧ ਡੈਲੀਗੇਟਾਂ ਨੇ ਸ਼ਿਰਕਤ ਕੀਤੀ।

# ਕਤਰ ਏਅਰਵੇਜ਼ ਨੇ ਸਾਲ 2024 ਲਈ ਦੁਨੀਆਂ ਦੀ ਸਰਵੋਤਮ ਏਅਰਲਾਈਨ ਦਾ ਖ਼ਿਤਾਬ ਹਾਸਲ ਕੀਤਾ

ਮੈਲਬੋਰਨ- ਪਿਛਲੇ ਦਿਨੀਂ ਲੰਦਨ ਵਿੱਚ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕਤਰ ਏਅਰਵੇਜ਼ ਨੇ ਪਿਛਲੇ ਸਾਲ ਦੀ ਜੇਤੂ ਹਵਾਈ ਕੰਪਨੀ ਸਿੰਗਾਪੁਰ ਏਅਰਲਾਈਨਜ਼ ਨੂੰ ਪਛਾੜਦਿਆਂ ਸਾਲ 2024 ਲਈ ਦੁਨੀਆਂ ਦੀ ਸਰਵੋਤਮ ਏਅਰਲਾਈਨ ਦਾ ਖਿਤਾਬ ਹਾਸਿਲ ਕੀਤਾ ਹੈ। ਹਵਾਬਾਜ਼ੀ ਖੇਤਰ ਵਿੱਚ ਆਸਕਰ ਐਵਾਰਡ ਵਾਂਗ ਜਾਣੇ ਜਾਂਦੇ ਇਸ ਵੱਕਾਰੀ ਸਨਮਾਨ ਨੂੰ ਹਾਸਲ ਕਰਨ ਲਈ ਇੰਗਲੈਂਡ ਦੀ ਸੰਸਥਾ ਸਕਾਈਟਰੈਕ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਪੂਰੇ ਵਿਸ਼ਵ ਦੀਆਂ 325 ਹਵਾਈ ਕੰਪਨੀਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ ਜਿਸ ਦੌਰਾਨ ਖਾੜੀ ਮੁਲਕ ਕਤਰ ਨਾਲ ਸੰਬੰਧਿਤ ਇਸ ਹਵਾਈ ਕੰਪਨੀ ਨੂੰ ਵਡਮੁੱਲਾ ਮਾਣ ਹਾਸਲ ਹੋਇਆ ਹੈ। ਸਰਵੇਖਣ ਵਿੱਚ ਸਿੰਘਾਪੁਰ ਏਅਰਲਾਈਨਜ਼ ਨੂੰ ਦੂਜਾ,ਪ੍ਰਸਿੱਧ ਏਅਰਲਾਈਨਜ਼ ਐਮੀਰੇਟਸ ਨੂੰ ਤੀਜਾ, ਦੇਸ਼ ਜਪਾਨ ਦੀ ਐਨਾ ਏਅਰਵੇਜ਼ ਨੂੰ ਚੌਥਾ ਅਤੇ ਕੈਥੇ ਪੈਸਿਫਿਕ ਨੂੰ ਪੰਜਵਾਂ ਦਰਜਾ ਹਾਸਿਲ ਹੋਇਆ ਹੈ।ਇਹ ਸਰਵੇ ਯਾਤਰੀਆਂ ਦੀ ਸਫ਼ਰ ਦੌਰਾਨ ਸੰਤੁਸ਼ਟੀ, ਬਿਹਤਰੀਨ ਸੇਵਾਵਾਂ, ਹਵਾਈ ਕੰਪਨੀਆਂ ਦੀ ਪਾਰਦਰਸ਼ਤਾ ਅਤੇ ਸੁਤੰਤਰ ਤੌਰ ’ਤੇ ਕੰਮ-ਕਾਜ ਦੇ ਤਰੀਕੇ ’ਤੇ ਆਧਾਰਿਤ ਸੀ।ਆਸਟ੍ਰੇਲੀਆ ਦੀ ਪ੍ਰਸਿੱਧ ਹਵਾਈ ਕੰਪਨੀ ਕੁਆਂਟਸ ਪਿਛਲੇ ਸਾਲ ਦੀ ਦਰਜਾਬੰਦੀ ਤੋਂ ਖਿਸਕ ਕੇ 24 ਵੇਂ ਦਰਜੇ ’ਤੇ ਪਹੁੰਚ ਗਈ ਜਦਕਿ ਵਰਜਿਨ ਆਸਟ੍ਰੇਲੀਆ ਨੂੰ 54 ਵਾਂ ਅਤੇ ਜੈਟ ਸਟਾਰ ਨੂੰ 74 ਵਾਂ ਸਥਾਨ ਮਿਲਿਆ ਹੈ। ਭਾਰਤੀ ਹਵਾਈ ਕੰਪਨੀ ਇੰਡੀਗੋ ਨੂੰ ਇਸ ਸ਼੍ਰੇਣੀ ਵਿੱਚ 52ਵਾਂ ਅਤੇ ਏਅਰ ਇੰਡੀਆ ਨੂੰ 90 ਵਾਂ ਸਥਾਨ ਹਾਸਲ ਹੋਇਆ ਹੈ।




## ਅਮਰੀਕੀ ’ਵਰਸਿਟੀ ਦਾ ਵਜ਼ੀਫ਼ਾ ਲੈਣ ਲਈ ਭਾਰਤੀ ਵਿਦਿਆਰਥੀ ਨੇ ‘ਪਿਓ ਨੂੰ ਦੇ ਦਿਤੀ ਕਾਗਜ਼ੀ ਮੌਤ’

ਬੈਥਲੇਹਮ - ਇਥੋਂ ਦੀ ਲੀਹਾਈ ਯੂਨੀਵਰਸਿਟੀ ’ਚ ਪੜ੍ਹਦੇ ਇਕ ਭਾਰਤੀ ਵਿਦਿਆਰਥੀ ਨੂੰ ਗ੍ਰਿਫ਼ਤਾਰ ਕਰ ਕੇ ਭਾਰਤ ਵਾਪਸ ਭੇਜ ਦਿੱਤਾ ਗਿਆ ਹੈ। ਆਰੀਅਨ ਆਨੰਦ ਨਾਂਅ ਦੇ ਇਸ ਵਿਦਿਆਰਥੀ ’ਤੇ ਦੋਸ਼ ਸੀ ਕਿ ਉਸ ਨੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ ’ਤੇ ਯੂਨੀਵਰਸਿਟੀ ਦਾ ਵਜ਼ੀਫ਼ਾ ਲਿਆ।ਆਨੰਦ ਨੇ ਇਸ ਯੂਨੀਵਰਸਿਟੀ ’ਚ ਦਾਖ਼ਲੇ ਤੋਂ ਲੈ ਕੇ ਵਜ਼ੀਫ਼ਾ ਲੈਣ ਤਕ ਹਰ ਮਾਮਲੇ ’ਚ ਜਾਅਲੀ ਦਸਤਾਵੇਜ਼ ਪੇਸ਼ ਕੀਤੇ। ਉਸ ਵੱਲੋਂ ਪੇਸ਼ ਕੀਤੀਆਂ ਗਈਆਂ ਹੱਥ-ਲਿਖਤਾਂ, ਲੇਖ ਤਾਂ ਨਕਲੀ ਸਨ ਹੀ; ਉਸ ਨੇ ਅਪਣੇ ਪਿਤਾ ਦੀ ਮੌਤ ਦਾ ਝੂਠਾ ਸਰਟੀਫ਼ਿਕੇਟ ਤੱਕ ਜਮ੍ਹਾ ਕਰਵਾ ਦਿੱਤਾ, ਜਦ ਕਿ ਉਸ ਦੇ ਪਿਤਾ ਹਾਲੇ ਚੰਗੇ-ਭਲੇ ਹਨ।ਆਨੰਦ ਨੂੰ ਦੋ ਮਹੀਨੇ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ। ਜੇ ਉਸ ਦੇ ਜੇਲ ’ਚ ਹੁੰਦਿਆਂ ਮੁਕੱਦਮਾ ਚਲਦਾ, ਤਾਂ ਉਸ ਨੂੰ 20 ਵਰ੍ਹੇ ਕੈਦ ਦੀ ਸਜ਼ਾ ਹੋਣੀ ਸੀ ਪਰ ਉਸ ਨੂੰ ਅਧਿਕਾਰੀਆਂ ਦੀ ਬੇਨਤੀ ’ਤੇ ਪਹਿਲਾਂ ਤਾਂ ਯੂਨੀਵਰਸਿਟੀ ’ਚੋਂ ਕਢਿਆ ਗਿਆ ਤੇ ਫਿਰ ਉਸ ਨੂੰ ਭਾਰਤ ਵਾਪਸ ਭੇਜ (ਡਿਪੋਰਟ ਕਰ) ਦਿੱਤਾ ਗਿਆ।ਨੌਰਥਐਂਪਟਨ ਕਾਊਂਟੀ ਦੇ ਅਸਿਸਟੈਂਟ ਡੀਏ ਮਾਈਕਲ ਵੀਨਰਟ ਨੇ ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਨਿੱਠ ਕੇ ਕੀਤੀ ਗਈ ਜਾਂਚ ਸਦਕਾ ਹੀ ਧੋਖਾਧੜੀ ਫੜੀ ਗਈ।

## ਕਿਸ ਦੀ ਗਲਤੀ ਕਾਰਨ ਪੁਲਾੜ ’ਚ ਫਸੀ ਸੁਨੀਤਾ ਵਿਲੀਅਮਜ਼

ਵਾਸ਼ਿੰਗਟਨ- ਬੋਇੰਗ ਦੇ ਸਟਾਰਲਾਈਨਰ ਪੁਲਾੜ ਯਾਨ ਵਿੱਚ ਪੁਲਾੜ ਸਟੇਸ਼ਨ ਤੱਕ ਪਹੁੰਚੀ ਭਾਰਤੀ ਸੁਨੀਤਾ ਵਿਲੀਅਮਜ਼ ਨੂੰ ਲੰਬਾ ਸਮਾਂ ਉੱਥੇ ਰਹਿਣਾ ਪੈ ਸਕਦਾ ਹੈ। ਪਹਿਲਾਂ ਇਹ ਮਿਸ਼ਨ ਕੁਝ ਦਿਨਾਂ ਲਈ ਸੀ। ਪਰ ਨਾਸਾ ਦੇ ਕਮਰਸ਼ੀਅਲ ਕਰੂ ਪ੍ਰੋਗਰਾਮ ਮੈਨੇਜਰ ਸਟੀਵ ਸਟਿੱਚ ਨੇ ਕਿਹਾ ਹੈ ਕਿ ਅਮਰੀਕੀ ਪੁਲਾੜ ਏਜੰਸੀ ਸਟਾਰਲਾਈਨਰ ਦੇ ਮਿਸ਼ਨ ਦੀ ਮਿਆਦ 45 ਦਿਨਾਂ ਤੋਂ ਵਧਾ ਕੇ 90 ਦਿਨ ਕਰਨ ’ਤੇ ਵਿਚਾਰ ਕਰ ਰਹੀ ਹੈ। ਹਾਲਾਂਕਿ ਵਾਪਸੀ ਦੀ ਕੋਈ ਖਾਸ ਤਰੀਕ ਨਹੀਂ ਦਿੱਤੀ ਗਈ ਹੈ।ਅਮਰੀਕੀ ਪੁਲਾੜ ਏਜੰਸੀ ਅਤੇ ਬੋਇੰਗ ਦੇ ਅਧਿਕਾਰੀਆਂ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਨਾਸਾ ਦੇ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈਐਸਐਸ) ’ਤੇ ਫਸੇ ਹੋਏ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਫਿਲਹਾਲ ਘਰ ਆਉਣ ਦੀ ਜਲਦਬਾਜ਼ੀ ਨਹੀਂ ਹੈ। ਕਈ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਦੋ ਪੁਲਾੜ ਯਾਤਰੀ, ਜਿਨ੍ਹਾਂ ਨੂੰ ਇਸ ਮਹੀਨੇ ਦੇ ਸ਼ੁਰੂ ਵਿੱਚ ਇੱਕ ਬੋਇੰਗ ਸਟਾਰਲਾਈਨਰ ਪੁਲਾੜ ਯਾਨ ਵਿੱਚ ਸਵਾਰ ਪ੍ਰਯੋਗਸ਼ਾਲਾ ਵਿੱਚ ਭੇਜਿਆ ਗਿਆ ਸੀ, ਇੱਕ ਸ਼ੱਕੀ ਹੀਲੀਅਮ ਲੀਕ ਤੋਂ ਬਾਅਦ ਉੱਥੇ ਫਸ ਗਏ ਹਨ।





Are you paying too much for Auto, Home, Business, Workman Compensation, Contractors, General Liability, E&O ?

*Call us today for complimentary Analysis of your policy.*



**Sharanjit Singh Thind**
licensed Insurance Broker
(Service with Honesty & Smile, Since 2012)
Phone: 646 875 8495
Email: nlightinsurance18@gmail.com

# ਬਰਤਾਨਵੀ ਹਿੰਦੂ ਵੋਟਰਾਂ ਨੂੰ ਲੁਭਾਉਣ ਲਈ ਮੰਦਰ ਪਹੁੰਚੇ ਰਿਸ਼ੀ ਸੂਨਕ ਤੇ ਕੀਰ ਸਟਾਰਮਰ



ਲੰਡਨ-ਬਰਤਾਨੀਆ ਵਿੱਚ ਵੀਰਵਾਰ ਨੂੰ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਪ੍ਰਚਾਰ ਦੇ ਆਖਰੀ ਹਫ਼ਤੇ ਦੇ ਅਖੀਰ ਵਿੱਚ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਅਤੇ ਉਨ੍ਹਾਂ ਦੀ ਪਾਰਟੀ ਵੱਲੋਂ ਇਸ ਅਹੁਦੇ ਦੇ ਉਮੀਦਵਾਰ ਲੇਬਰ ਪਾਰਟੀ ਦੇ ਆਗੂ ਕੀਰ ਸਟਾਰਮਰ ਬਰਤਾਨਵੀ ਹਿੰਦੂ ਵੋਟਰਾਂ ਨੂੰ ਲੁਭਾਉਣ ਲਈ ਮੰਦਰ ਪਹੁੰਚੇ। ਸੂਨਕ (44) ਐਤਵਾਰ ਨੂੰ ਨੈਸਡੈਨ ਵਿੱਚ ਬੀਏਪੀਐੱਸ ਸ੍ਰੀ ਸਵਾਮੀਨਾਰਾਇਣ ਮੰਦਰ ਪਹੁੰਚੇ ਤਾਂ ਦੂਜੇ ਪਾਸੇ ਸਟਾਰਮਰ (61) ਬੀਤੇ ਦਿਨੀਂ ਉੱਤਰੀ ਲੰਡਨ ਦੇ ਕਿੰਗਜ਼ਬਰੀ ਵਿੱਚ ਸਥਿਤ ਸਵਾਮੀ ਨਾਰਾਇਣ ਮੰਦਰ ਪਹੁੰਚੇ। ਦੋਹਾਂ ਆਗੂਆਂ ਵੱਲੋਂ ਇਹ ਕਦਮ ਬਰਤਾਨਵੀ ਹਿੰਦੂ ਸੰਗਠਨਾਂ ਦੇ ਇਕ ਪ੍ਰਮੁੱਖ ਸਮੂਹ ਵੱਲੋਂ ਬਰਤਾਨੀਆ ਵਿੱਚ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਪਹਿਲੀ ਵਾਰ ਜਾਰੀ ਕੀਤੇ ਗਏ 'ਹਿੰਦੂ ਮੈਨੀਫੈਸਟੋ' ਤੋਂ ਬਾਅਦ ਉਠਾਇਆ ਗਿਆ ਹੈ। ਇਸ ਮੈਨੀਫੈਸਟੋ ਵਿੱਚ ਚੁਣੇ ਹੋਏ ਨੁਮਾਇੰਦਿਆਂ ਤੋਂ ਹਿੰਦੂ ਪੂਜਾ ਸਥਾਨਾਂ ਦੀ ਰੱਖਿਆ ਕਰਨ ਅਤੇ ਹਿੰਦੂਆਂ ਪ੍ਰਤੀ ਨਫ਼ਰਤ ਤੋਂ ਨਿਪਟਣ ਲਈ ਸਰਗਰਮ ਕਦਮ ਉਠਾਉਣ ਦੀ ਅਪੀਲ ਕੀਤੀ ਗਈ ਹੈ। ਸੂਨਕ ਨੇ ਮੰਦਰ ਵਿੱਚ ਪੂਜਾ ਕੀਤੀ ਅਤੇ ਉੱਥੇ ਮੌਜੂਦ ਬਜ਼ੁਰਗਾਂ ਕੋਲੋਂ ਆਸ਼ੀਰਵਾਦ ਲਿਆ। ਇਸ ਵਿਚਾਲੇ ਕਿੰਗਜ਼ਬਰੀ ਮੰਦਰ ਵਿੱਚ ਸਟਾਰਮਰ ਦਾ ਸਵਾਗਤ ਕੀਤਾ ਗਿਆ।

# ਦੁਨੀਆਂ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਜ਼ਰੂਰੀ ਹੈ ਇਹ ਸਿਧਾਂਤ ਭਾਰਤ ਨੇ ਪ੍ਰੋਗਰਾਮ 'ਚ ਹਿੱਸਾ ਨਹੀਂ ਲਿਆ

ਬੀਜਿੰਗ- : ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਵਿਸ਼ਵ ਵਿਚ ਵਧਦੇ ਸੰਘਰਸ਼ਾਂ ਨੂੰ ਰੋਕਣ ਲਈ ਭਾਰਤ ਦੇ 'ਪੰਚਸ਼ੀਲ ਸਿਧਾਂਤ' ਦਾ ਜ਼ਿਕਰ ਕੀਤਾ ਹੈ। ਇਸ ਮੌਕੇ ਸ਼ੀ ਜਿਨਪਿੰਗ ਨੇ ਸ਼ਾਂਤੀਪੂਰਨ ਸਹਿ-ਹੋਂਦ (ਪੰਚਸ਼ੀਲ) ਦੇ 5 ਸਿਧਾਂਤਾਂ ਦਾ ਜ਼ਿਕਰ ਕੀਤਾ। ਭਾਰਤ ਨੇ ਸ਼ਾਂਤੀਪੂਰਨ ਸਹਿ-ਹੋਂਦ ਦੇ ਪੰਜ ਸਿਧਾਂਤਾਂ ਨੂੰ 'ਪੰਚਸ਼ੀਲ' ਦਾ ਨਾਂ ਦਿੱਤਾ ਹੈ। ਰਿਪੋਰਟ ਮੁਤਾਬਕ ਚੀਨੀ ਰਾਸ਼ਟਰਪਤੀ ਨੇ ਕਿਹਾ ਕਿ ਪੰਚਸ਼ੀਲ ਦੇ ਪੰਜ ਸਿਧਾਂਤ ਸਮੇਂ ਦੀ ਮੰਗ ਨੂੰ ਪੂਰਾ ਕਰਦੇ ਹਨ। ਪਿਛਲੇ 70 ਸਾਲਾਂ ਵਿਚ ਇਹ ਵਾਰ-ਵਾਰ ਸਾਬਤ ਹੋਇਆ ਹੈ ਕਿ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਬਿਹਤਰ ਭਵਿੱਖ ਬਣਾਉਣ ਦਾ ਇਕ ਪ੍ਰਭਾਵਸ਼ਾਲੀ ਤਰੀਕਾ ਏਕਤਾ, ਸਹਿਯੋਗ, ਸੰਚਾਰ ਅਤੇ ਆਪਸੀ ਸਮਝ ਹੈ। ਜਿਨਪਿੰਗ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸ਼ਾਂਤੀਪੂਰਨ ਸਹਿ-ਹੋਂਦ ਦੇ ਪੰਜ ਸਿਧਾਂਤ ਏਸ਼ੀਆ ਵਿਚ ਪੈਦਾ ਹੋਏ ਸਨ ਪਰ ਜਲਦੀ ਹੀ ਵਿਸ਼ਵ ਪੱਧਰ 'ਤੇ ਫੈਲ ਗਏ। ਪੰਚਸ਼ੀਲ ਨੇ ਸਮੇਂ ਦੀ ਮੰਗ ਨੂੰ ਪੂਰਾ ਕੀਤਾ ਅਤੇ ਇਸ ਦੀ ਸ਼ੁਰੂਆਤ ਇਕ ਇਤਿਹਾਸਕ ਘਟਨਾ ਸੀ। ਚੀਨੀ ਰਾਸ਼ਟਰਪਤੀ ਨੇ ਕਿਹਾ ਕਿ ਪੰਚਸ਼ੀਲ ਸਿਧਾਂਤ ਅੱਜ ਅੰਤਰਰਾਸ਼ਟਰੀ ਭਾਈਚਾਰੇ ਦੀ ਸਾਂਝੀ ਜਾਇਦਾਦ ਬਣ ਗਏ ਹਨ। ਪੰਚਸ਼ੀਲ ਸਮਝੌਤੇ ਦੀ ਵਰ੍ਹੇਗੰਢ ਮੌਕੇ ਸ੍ਰੀਲੰਕਾ ਦੇ ਸਾਬਕਾ ਰਾਸ਼ਟਰਪਤੀ ਮਹਿੰਦਾ ਰਾਜਪਕਸ਼ੇ, ਗੁਆਨਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਰਾਮੋਤਰ ਅਤੇ ਚੀਨ ਦੇ ਨੇੜਲੇ ਦੇਸ਼ਾਂ ਦੇ ਆਗੂਆਂ ਅਤੇ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਕੁਝ ਰਿਪੋਰਟਾਂ ਮੁਤਾਬਕ ਭਾਰਤ ਨੂੰ ਵੀ ਇਸ ਵਿਚ ਹਿੱਸਾ ਲੈਣ ਦਾ ਸੱਦਾ ਦਿੱਤਾ ਗਿਆ ਸੀ ਪਰ ਕਿਸੇ ਅਧਿਕਾਰੀ ਨੇ ਇਸ ਵਿਚ ਹਿੱਸਾ ਨਹੀਂ ਲਿਆ।









# ਆਸਟ੍ਰੇਲੀਆ ਨੇ ਵੀਜ਼ਾ .ਫੀਸ ਕੀਤੀ 1600 ਆਸਟ੍ਰੇਲੀਅਨ ਡਾਲਰ

ਕੈਨਬਰਾ – ਆਸਟ੍ਰੇਲੀਆ ਜਾ ਕੇ ਪੜ੍ਹਾਈ ਕਰਨਾ ਚਾਹੁੰਦੇ ਹੋ, ਤਾਂ ਥੋੜ੍ਹਾ ਇੰਤਜ਼ਾਰ ਕਰੋ। ਕਿਉਂਕਿ ਹੁਣ ਇਹ ਓਨਾ ਸੌਖਾ ਨਹੀਂ ਰਿਹਾ ਜਿੰਨਾ ਪਹਿਲਾਂ ਹੁੰਦਾ ਸੀ। ਇੱਥੇ ਵਿਦਿਆਰਥੀ ਵੀਜ਼ਾ ਦੇ ਨਿਯਮਾਂ ਵਿੱਚ ਵੱਡਾ ਬਦਲਾਅ ਕੀਤਾ ਗਿਆ ਹੈ। ਹੁਣ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਜ਼ਿਆਦਾ ਖਰਚ ਕਰਨਾ ਪਵੇਗਾ। ਦਰਅਸਲ, ਇੱਥੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵੀਜ਼ਾ ਫੀਸ ਦੁੱਗਣੀ ਤੋਂ ਵੀ ਵੱਧ ਕਰ ਦਿੱਤੀ ਗਈ ਹੈ। ਆਸਟ੍ਰੇਲੀਆਈ ਸਰਕਾਰ ਨੇ ਇਹ ਕਦਮ ਰਿਕਾਰਡ ਮਾਈਗ੍ਰੇਸ਼ਨ ਤੇ ਲਗਾਮ ਲਗਾਉਣ ਲਈ ਚੁੱਕਿਆ ਹੈ।ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ਾ ਫੀਸ 1 ਜੁਲਾਈ ਤੋਂ ਵਧ ਗਈ ਹੈ। ਹੁਣ ਇਹ ਫੀਸ 710 ਆਸਟ੍ਰੇਲੀਅਨ ਡਾਲਰ ਯਾਨੀ ਲਗਭਗ 40 ਹਜ਼ਾਰ ਰੁਪਏ ਤੋਂ ਵਧ ਕੇ 1600 ਆਸਟ੍ਰੇਲੀਅਨ ਡਾਲਰ ਯਾਨੀ ਲਗਭਗ 90 ਹਜ਼ਾਰ ਰੁਪਏ ਹੋ ਗਈ ਹੈ। ਜਦੋਂ ਕਿ ਵਿਜ਼ਟਰ




ਵੀਜ਼ਾ ਅਤੇ ਅਸਥਾਈ ਗ੍ਰੈਜੂਏਟ ਵੀਜ਼ਾ ਵਾਲੇ ਵਿਦਿਆਰਥੀ ਹੁਣ ਵਿਦਿਆਰਥੀ ਵੀਜ਼ੇ ਲਈ ਅਪਲਾਈ ਨਹੀਂ ਕਰ ਸਕਣਗੇ। ਉਨ੍ਹਾਂ ਦੇ ਅਪਲਾਈ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ।ਮਾਰਚ ਵਿੱਚ ਜਾਰੀ ਕੀਤੇ ਗਏ ਅਧਿਕਾਰਤ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 30 ਸਤੰਬਰ, 2023 ਤੱਕ ਇਮੀਗ੍ਰੇਸ਼ਨ 60 ਫੀਸਦੀ ਵੱਧ ਕੇ 5,48,800 ਦੇ ਰਿਕਾਰਡ ਤੱਕ ਪਹੁੰਚ ਗਿਆ। ਫੀਸਾਂ ਵਿੱਚ ਵਾਧੇ ਕਾਰਨ ਆਸਟ੍ਰੇਲੀਆ ਲਈ ਵਿਦਿਆਰਥੀ ਵੀਜ਼ਾ ਲਈ ਅਪਲਾਈ ਕਰਨਾ ਅਮਰੀਕਾ ਅਤੇ ਕੈਨੇਡਾ ਵਰਗੇ ਮੁਕਾਬਲੇ ਵਾਲੇ ਦੇਸ਼ਾਂ ਨਾਲੋਂ ਕਿਤੇ ਮਹਿੰਗਾ ਹੋ ਗਿਆ ਹੈ। ਅਮਰੀਕਾ 'ਚ ਇਸ ਦੇ ਲਈ 185 ਅਮਰੀਕੀ ਡਾਲਰ ਯਾਨੀ ਲਗਭਗ 15 ਹਜ਼ਾਰ ਰੁਪਏ ਦੇਣੇ ਪੈਂਦੇ ਹਨ। ਜਦੋਂ ਕਿ ਕੈਨੇਡਾ ਵਿੱਚ 150 ਕੈਨੇਡੀਅਨ ਡਾਲਰ ਯਾਨੀ ਲਗਭਗ 9 ਹਜ਼ਾਰ ਰੁਪਏ ਦੀ ਫੀਸ ਅਦਾ ਕਰਨੀ ਪੈਂਦੀ ਹੈ।ਸਰਕਾਰ ਨੇ ਕਿਹਾ ਕਿ ਉਹ ਵੀਜ਼ਾ ਨਿਯਮਾਂ ਵਿੱਚ ਕਮੀਆਂ ਨੂੰ ਵੀ ਬੰਦ ਕਰ ਰਹੀ ਹੈ ਜੋ ਵਿਦੇਸ਼ੀ ਵਿਦਿਆਰਥੀਆਂ ਨੂੰ ਆਸਟ੍ਰੇਲੀਆ ਵਿੱਚ ਲਗਾਤਾਰ ਰਹਿਣ ਦੀ ਇਜਾਜ਼ਤ ਦਿੰਦੇ ਹਨ, ਕਿਉਂਕਿ ਦੂਜੇ ਜਾਂ ਬਾਅਦ ਦੇ ਵਿਦਿਆਰਥੀ ਵੀਜ਼ਾ ਤੇ ਵਿਦਿਆਰਥੀਆਂ ਦੀ ਗਿਣਤੀ 2022-23 ਵਿੱਚ 30 ਪ੍ਰਤੀਸ਼ਤ ਤੋਂ ਵੱਧ ਕੇ 150,000 ਤੋਂ ਵੱਧ ਹੋ ਗਈ ਹੈ।ਆਸਟ੍ਰੇਲੀਅਨ ਯੂਨੀਵਰਸਿਟੀਆਂ ਦੇ ਸੀਈਓ ਲੂਕ ਸ਼ੀਹੀ ਨੇ ਕਿਹਾ ਕਿ ਸੈਕਟਰ ਤੇ ਸਰਕਾਰ ਦਾ ਲਗਾਤਾਰ ਨੀਤੀਗਤ ਦਬਾਅ ਦੇਸ਼ ਦੀ ਮਜ਼ਬੂਤ ਸਥਿਤੀ ਨੂੰ ਖਤਰੇ ਵਿੱਚ ਪਾਵੇਗਾ।

## ਨਾਟੋ ਜੇਂਸ ਸਟੋਲਟਨਬਰਗ ਨੇ ਚੀਨ 'ਤੇ .ਫੌਜ ਸੰਘਰਸ਼ ਭੜਕਾਉਣ ਦਾ ਲਗਾਇਆ ਦੋਸ਼

ਟੋਕੀਓ– ਨਾਟੋ ਦੇ ਜਨਰਲ ਸਕੱਤਰ ਜੇਂਸ ਸਟੋਲਟਨਬਰਗ ਨੇ ਚੀਨ ਤੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ 'ਚ ਸਭ ਤੋਂ ਵੱਡੇ .ਫੌਜ



ਸੰਘਰਸ਼ ਨੂੰ ਭੜਕਾਉਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਨੇ ਜਾਪਾਨੀ ਅਖ਼ਬਾਰ ਨੂੰ ਦਿੱਤੇ ਇਕ ਇੰਟਰਵਿਊ 'ਚ ਕਿਹਾ ਕਿ ਰੂਸ ਚੀਨ ਤੋਂ ਆਯਾਤ ਆਧੁਨਿਕ ਤਕਨੀਕ ਦੀ ਮਦਦ ਨਾਲ ਮਿਜ਼ਾਈਲਾਂ ਅਤੇ ਡਰੋਨ ਦਾ ਉਤਪਾਦਨ ਕਰ ਰਿਹਾ ਹੈ, ਜੋ ਬੀਜਿੰਗ ਨੂੰ ਸਭ ਤੋਂ ਵੱਡੇ ਸੰਘਰਸ਼ ਨੂੰ ਭੜਕਾਉਣ ਲਈ ਜ਼ਿੰਮੇਵਾਰ ਬਣਾਉਂਦਾ ਹੈ। ਜਨਰਲ ਸਕੱਤਰ ਨੇ ਕਿਹਾ ਕਿ ਚੀਨ 'ਤੇ ਦਬਾਅ ਵਧਾਉਣ ਅਤੇ ਖੇਤਰ ਨੂੰ ਸਥਿਰ ਕਰਨ ਲਈ ਜਾਪਾਨ, ਦੱਖਣੀ ਕੋਰੀਆ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚਾਲੇ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਸਖ਼ਤ ਲੋੜ ਹੈ। ਸ੍ਰੀ ਸਟੋਲਟੇਨਬਰਗ ਨੇ ਕਿਹਾ ਕਿ ਤਾਈਵਾਨ ਦੇ ਆਲੇ-ਦੁਆਲੇ ਸੰਕਟ ਦੀ ਸਥਿਤੀ 'ਚ, ਨਾਟੋ ਉੱਤਰੀ ਅਮਰੀਕੀ ਅਤੇ ਯੂਰਪੀ ਗਠਜੋੜ ਦੀ ਆਪਣੀ ਸਥਿਤੀ ਬਣਾਏ ਰੱਖੇਗਾ। ਚੀਨ ਅਤੇ ਰੂਸ ਨੇ ਅਮਰੀਕਾ ਦੇ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਹੈ ਅਤੇ ਆਪਣੇ ਦੁਵੱਲੇ ਸੰਬੰਧਾਂ ਦੀ ਆਰਥਿਕ ਪ੍ਰਕਿਰਤੀ 'ਤੇ ਜ਼ੋਰ ਦਿੱਤਾ ਹੈ। ਜਾਪਾਨ ਦੇ ਪ੍ਰਧਾਨ ਮੰਤਰੀ ਫੁਮਿਓ ਕਿਸ਼ਿਦਾ ਨੇ ਮਈ 'ਚ ਕਿਹਾ ਸੀ ਕਿ ਉਨ੍ਹਾਂ ਦਾ ਦੇਸ਼ ਗਠਜੋੜ ਨਾਲ ਸਲਾਹ-ਮਸ਼ਵਰੇ ਦੀ ਸਹੂਲਤ ਲਈ ਟੋਕੀਓ 'ਚ ਨਾਟੋ ਸੰਪਰਕ ਦਫ਼ਤਰ ਖੋਲ੍ਹਣ ਲਈ ਗੱਲਬਾਤ ਕਰ ਰਿਹਾ ਹੈ। ਫਿਲਹਾਲ 75ਵਾਂ ਨਾਟੋ ਸਿਖਰ ਸੰਮੇਲਨ 9-11 ਜੁਲਾਈ ਨੂੰ ਵਾਸ਼ਿੰਗਟਨ 'ਚ ਹੋਵੇਗਾ।

## ਜਾਪਾਨ ਨੇ ਆਪਣੇ ਨਵੇਂ ਐਚ-3 ਰਾਕਟ ਨਾਲ ਧਰਤੀ ਨਿਰੀਖਣ ਉਪਗ੍ਰਹਿ ਕੀਤਾ ਲਾਂਚ

ਟੋਕੀਓ– ਜਪਾਨ ਨੇ ਸੋਮਵਾਰ ਨੂੰ ਇੱਕ ਅਭਿਲਾਸ਼ੀ ਨਵਾਂ ਐੱਚ3 ਰਾਕੇਟ ਲਾਂਚ ਕੀਤਾ ਅਤੇ ਤਬਾਹੀ ਪ੍ਰਤੀਕਿਰਿਆ ਤੇ ਸੁਰੱਖਿਆ ਲਈ ਇੱਕ ਉੱਨਤ ਧਰਤੀ ਨਿਰੀਖਣ ਉਪਗ੍ਰਹਿ ਨੂੰ ਪੁਲਾੜ ਵਿੱਚ ਤਾਇਨਾਤ ਕੀਤਾ। ਜਾਪਾਨ ਏਰੋਸਪੇਸ ਐਕਸਪਲੋਰੇਸ਼ਨ ਏਜੰਸੀ ਜੇ ਏ ਐਕਸ ਏ ਨੇ ਕਿਹਾ ਕਿ ਐੱਚ3 ਨੰਬਰ 3 ਰਾਕੇਟ ਨੇ ਦੱਖਣ-ਪੱਛਮੀ ਜਾਪਾਨ ਦੇ ਇੱਕ ਟਾਪੂ 'ਤੇ ਤਾਨੇਗਾਸ਼ਿਮਾ ਸਪੇਸ ਸੈਂਟਰ ਤੋਂ ਉਡਾਣ ਭਰੀ ਅਤੇ ਲਗਭਗ 16 ਮਿੰਟ ਬਾਅਦ ਯੋਜਨਾ ਅਨੁਸਾਰ ਆਪਣਾ ਪੇਲੋਡ (ਸੈਟੇਲਾਈਟ) ਛੱਡਿਆ। ਐਡਵਾਂਸਡ ਲੈਂਡ ਆਬਜ਼ਰਵੇਸ਼ਨ ਸੈਟੇਲਾਈਟ ਜਾਂ ਏ ਐਲ ਓ ਐਸ 4 ਨੂੰ ਧਰਤੀ ਦਾ ਨਿਰੀਖਣ ਕਰਨ ਅਤੇ ਤਬਾਹੀ ਪ੍ਰਤੀਕ੍ਰਿਆ ਅਤੇ ਮੈਪਿੰਗ ਲਈ ਡੇਟਾ ਇਕੱਠਾ ਕਰਨ ਦਾ ਕੰਮ ਸੌਂਪਿਆ ਗਿਆ ਹੈ। ਇਹ ਮਿਜ਼ਾਈਲ ਲਾਂਚ ਵਰਗੀਆਂ ਫੌਜੀ ਗਤੀਵਿਧੀਆਂ ਤੇ ਨਜ਼ਰ ਰੱਖਣ ਦੇ ਵੀ ਸਮਰੱਥ ਹੈ। ਪਹਿਲਾਂ ਇਹ ਲਾਂਚ ਐਤਵਾਰ ਨੂੰ ਕੀਤਾ ਜਾਣਾ ਸੀ ਪਰ ਖਰਾਬ ਮੌਸਮ ਕਾਰਨ ਇਸ 'ਚ ਦੇਰੀ ਹੋ ਗਈ। ਏ ਐਲ ਓ ਐਸ-4 ਮੌਜੂਦਾ ਏ ਐਲ ਓ ਐਸ-2 ਨੂੰ ਬਦਲ ਦੇਵੇਗਾ ਅਤੇ ਇੱਕ ਵਿਸ਼ਾਲ ਖੇਤਰ ਦੀ ਨਿਗਰਾਨੀ ਕਰ ਸਕਦਾ



ਹੈ। ਜਾਪਾਨ ਕੁਝ ਸਮੇਂ ਲਈ ਦੋਵਾਂ ਉਪਗ੍ਰਹਿਆਂ ਦਾ ਸੰਚਾਲਨ ਕਰੇਗਾ। ਜਪਾਨ ਇੱਕ ਸਥਿਰ, ਵਪਾਰਕ ਤੌਰ 'ਤੇ ਪ੍ਰਤੀਯੋਗੀ ਪੁਲਾੜ ਆਵਾਜਾਈ ਸਮਰੱਥਾ ਨੂੰ ਆਪਣੇ ਪੁਲਾੜ ਪ੍ਰੋਗਰਾਮ ਅਤੇ ਰਾਸ਼ਟਰੀ ਸੁਰੱਖਿਆ ਲਈ ਮਹੱਤਵਪੂਰਨ ਸਮਝਦਾ ਹੈ।

## ਅਮਰੀਕਾ ਵਿੱਚ ਤੇਲਗੂ ਬੋਲਣ ਵਾਲੇ ਲੋਕਾਂ ਦੀ ਆਬਾਦੀ 12.3 ਲੱਖ ਹੋਈ

ਵਾਸ਼ਿੰਗਟਨ– ਅਮਰੀਕਾ ਵਿੱਚ ਤੇਲਗੂ ਬੋਲਣ ਵਾਲੇ ਲੋਕਾਂ ਦੀ ਆਬਾਦੀ ਤੇਜ਼ੀ ਨਾਲ ਵਧੀ ਹੈ। 2016 ਵਿੱਚ ਇੱਥੇ ਤੇਲਗੂ ਬੋਲਣ ਵਾਲਿਆਂ ਦੀ ਗਿਣਤੀ 3.2 ਲੱਖ ਸੀ। ਜੋ 2024 ਵਿੱਚ ਵੱਧ ਕੇ 12.3 ਲੱਖ ਹੋ ਗਈ ਹੈ। ਤੇਲਗੂ ਅਮਰੀਕਾ ਵਿੱਚ 11ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਵਿਦੇਸ਼ੀ ਭਾਸ਼ਾ ਬਣ ਗਈ ਹੈ। ਇਹ ਹਿੰਦੀ ਅਤੇ ਗੁਜਰਾਤੀ ਤੋਂ ਬਾਅਦ ਅਮਰੀਕਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਰਤੀ ਭਾਸ਼ਾ ਹੈ। ਸਭ ਤੋਂ ਵੱਧ ਤੇਲਗੂ ਬੋਲਣ ਵਾਲੀ ਆਬਾਦੀ, ਲਗਭਗ 2 ਲੱਖ, ਕੈਲੀਫੋਰਨੀਆ ਵਿੱਚ ਰਹਿੰਦੀ ਹੈ। ਇਸ ਤੋਂ ਬਾਅਦ ਟੈਕਸਾਸ ਆਉਂਦਾ ਹੈ, ਜਿੱਥੇ 1.5 ਲੱਖ ਅਤੇ ਨਿਊਜਰਸੀ ਵਿੱਚ 1.1 ਲੱਖ ਤੇਲਗੂ ਬੋਲਣ ਵਾਲੇ ਹਨ।ਇਲੀਨੋਇਸ ਵਿੱਚ 83,000 ਤੇਲਗੂ ਬੋਲਣ ਵਾਲੇ, ਜਾਰਜੀਆ ਵਿੱਚ 52,000 ਅਤੇ ਵਰਜੀਨੀਆ ਵਿੱਚ 78,000



ਲੋਕ ਰਹਿੰਦੇ ਹਨ। ਇਨ੍ਹਾਂ ਰਾਜਾਂ ਵਿੱਚ ਵੀ ਇਨ੍ਹਾਂ ਦੀ ਆਬਾਦੀ ਵਧੀ ਹੈ। ਤੇਲਗੂ ਕਮਿਊਨਿਟੀ ਐਸੋਸੀਏਸ਼ਨ ਵੀ ਇਨ੍ਹਾਂ ਅਨੁਮਾਨਾਂ ਨਾਲ ਸਹਿਮਤ ਹੈ। ਤੇਲਗੂ 350 ਭਾਸ਼ਾਵਾਂ ਵਿੱਚੋਂ 11ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਵਿਦੇਸ਼ੀ ਭਾਸ਼ਾ ਹੈ, ਮੁੱਖ ਤੌਰ 'ਤੇ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦੇ ਕਾਰਨ ਵਧੀ ਹੈ।ਇਕ ਰਿਪੋਰਟ ਮੁਤਾਬਕ ਹਰ ਸਾਲ ਲਗਭਗ 60-70,000 ਵਿਦਿਆਰਥੀ ਅਤੇ 10,000 ਐਚ-1-ਬੀ ਵੀਜ਼ਾ ਧਾਰਕ ਅਮਰੀਕਾ ਆਉਂਦੇ ਹਨ।ਤੇਲਗੂ ਐਸੋਸੀਏਸ਼ਨ ਆਫ ਨਾਰਥ ਅਮਰੀਕਾ ਦੇ ਸਾਬਕਾ ਸਕੱਤਰ ਅਸ਼ੋਕ ਕੋਲਾ ਨੇ ਕਿਹਾ ਕਿ ਅਮਰੀਕਾ ਆਉਣ ਵਾਲੇ 80 ਫੀਸਦੀ ਨਵੇਂ ਲੋਕ ਉਨ੍ਹਾਂ ਦੀ ਸੰਸਥਾ ਨਾਲ ਰਜਿਸਟਰਡ ਹਨ।ਇੱਕ ਰਿਪੋਰਟ ਅਨੁਸਾਰ, ਕੈਂਟ ਸਟੇਟ ਯੂਨੀਵਰਸਿਟੀ ਵਿੱਚ, ਵਿਦਿਆਰਥੀਆਂ ਦੇ ਨਵੇਂ ਬੈਚਾਂ ਨੂੰ ਤੇਲਗੂ ਵਿੱਚ ਲਿਖੇ ਵੈਲਕਮ ਸਟੂਡੈਂਟਸ ਦੇ ਨਾਲ ਸਵਾਗਤੀ ਕਿਤਾਬਚੇ ਸੌਂਪੇ ਗਏ ਹਨ।

## ਆਸਟ੍ਰੇਲੀਆ ਨੇ ਸੈਮ ਮੋਸਟੀਨ ਨੂੰ ਆਪਣਾ ਗਵਰਨਰ-ਜਨਰਲ ਨਿਯੁਕਤ ਕੀਤਾ

ਮੈਲਬੌਰਨ– ਆਸਟ੍ਰੇਲੀਆ ਨੇ ਸੋਮਵਾਰ ਨੂੰ ਸੈਮ ਮੋਸਟੀਨ ਨੂੰ ਆਪਣਾ ਗਵਰਨਰ-ਜਨਰਲ ਨਿਯੁਕਤ ਕੀਤਾ। 123 ਸਾਲਾਂ ਚ ਇਹ ਦੂਜੀ ਵਾਰ ਹੈ ਜਦੋਂ ਕਿਸੇ ਮਹਿਲਾ ਨੂੰ ਇਸ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਇਹ ਸਾਲ 2022 ਵਿਚ ਕਿੰਗ ਚਾਰਲਸ ||| ਦਾ ਕਾਰਜਕਾਲ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਅਜਿਹੀ ਆਸਟ੍ਰੇਲੀਆਈ ਨਿਯੁਕਤੀ ਹੈ। ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਦੀ ਲੇਬਰ ਪਾਰਟੀ ਸਰਕਾਰ ਵੱਲੋਂ ਵੀ ਇਹ ਪਹਿਲੀ ਨਿਯੁਕਤੀ ਹੈ। ਉਹ 2005 ਵਿੱਚ ਆਸਟ੍ਰੇਲੀਅਨ ਫੁਟਬਾਲ ਲੀਗ ਦੀ ਪਹਿਲੀ ਮਹਿਲਾ ਕਮਿਸ਼ਨਰ ਵੀ ਸੀ। ਆਪਣੀ ਨਵੀਂ ਭੂਮਿਕਾ ਵਿੱਚ ਆਪਣੇ ਪਹਿਲੇ ਭਾਸ਼ਣ ਵਿੱਚ ਮੋਸਟੀਨ ਨੇ ਆਸਟ੍ਰੇਲੀਆ ਦੀ ਪਹਿਲੀ ਮਹਿਲਾ



ਗਵਰਨਰ-ਜਨਰਲ, ਕੁਏਂਟਿਨ ਬ੍ਰਾਈਸ ਦਾ ਹਵਾਲਾ ਦਿੱਤਾ। ਮੋਸਟੀਨ ਨੇ ਕਿਹਾ, ਮੈਂ ਇੱਕ ਆਸ਼ਾਵਾਦੀ, ਸਮਕਾਲੀ ਅਤੇ ਪਹੁੰਚਯੋਗ ਗਵਰਨਰ-ਜਨਰਲ ਹੋਵਾਂਗੀ। ਮੈਂ ਉਸ ਸੇਵਾ ਅਤੇ ਯੋਗਦਾਨ ਨੂੰ ਪ੍ਰਦਾਨ ਕਰਨ ਲਈ ਵਚਨਬੱਧ ਰਹਾਂਗੀ ਜਿਸਦੀ ਸਾਰੇ ਆਸਟ੍ਰੇਲੀਅਨ ਉਮੀਦ ਕਰਦੇ ਹਨ। ਮੋਸਟੀਨ ਨੇ ਕਿਹਾ ਕਿ ਉਸਨੇ ਭੂਮਿਕਾ ਬਾਰੇ ਜਾਣਨ ਲਈ ਸਾਰੇ ਪੰਜ ਸਾਬਕਾ ਗਵਰਨਰ-ਜਨਰਲ ਨਾਲ ਗੱਲ ਕੀਤੀ ਸੀ, ਜਿਸ ਵਿੱਚ: ਬ੍ਰਾਈਸ ਵੀ ਸ਼ਾਮਲ ਹੈ। ਬ੍ਰਾਈਸ ਦੀ ਨਿਯੁਕਤੀ ਮਹਾਰਾਣੀ ਐਲਿਜ਼ਾਬੈਥ || ਦੁਆਰਾ ਲੇਬਰ ਪਾਰਟੀ ਦੇ ਪ੍ਰਧਾਨ ਮੰਤਰੀ ਦੀ ਸਿਫਾਰਸ਼ ਤੇ ਕੀਤੀ ਗਈ ਸੀ ਅਤੇ 2008 ਤੋਂ 2014 ਤੱਕ ਸੇਵਾ ਕੀਤੀ ਸੀ।

# ਨੈਚੁਰਲਾਈਜ਼ੇਸ਼ਨ ਟੈਸਟ ਲਈ ਨਾਗਰਿਕ ਸ਼ਾਸਤਰ (ਇਤਿਹਾਸ ਅਤੇ ਸਰਕਾਰ) ਪ੍ਰਸ਼ਨ

ਨੈਚੁਰਲਾਈਜ਼ੇਸ਼ਨ ਟੈਸਟ ਲਈ 100 ਨਾਗਰਿਕ ਸ਼ਾਸਤਰ (ਇਤਿਹਾਸ ਅਤੇ ਸਰਕਾਰ) ਸਵਾਲ ਅਤੇ ਜਵਾਬ ਹੇਠਾਂ ਦਿੱਤੇ ਗਏ ਹਨ। ਸਿਵਿਕਸ ਟੈਸਟ ਇੱਕ ਮੌਖਿਕ ਟੈਸਟ ਹੈ ਅਤੇ USCIS ਅਫਸਰ ਬਿਨੈਕਾਰ ਨੂੰ 100 ਨਾਗਰਿਕ ਵਿਗਿਆਨ ਸਵਾਲਾਂ ਵਿੱਚੋਂ 10 ਤੱਕ ਪੁੱਛੇਗਾ। ਇੱਕ ਬਿਨੈਕਾਰ ਨੂੰ ਨੈਚੁਰਲਾਈਜ਼ੇਸ਼ਨ ਟੈਸਟ ਦੇ ਨਾਗਰਿਕ ਸ਼ਾਸਤਰ ਵਾਲੇ ਹਿੱਸੇ ਨੂੰ ਪਾਸ ਕਰਨ ਲਈ 10 ਵਿੱਚੋਂ 6 ਸਵਾਲਾਂ ਦੇ ਸਹੀ ਜਵਾਬ ਦੇਣੇ ਚਾਹੀਦੇ ਹਨ।

ਨੈਚੁਰਲਾਈਜ਼ੇਸ਼ਨ ਟੈਸਟ ਤੇ, ਚੋਣਾਂ ਜਾਂ ਨਿਯੁਕਤੀਆਂ ਦੇ ਕਾਰਨ ਕੁਝ ਜਵਾਬ ਬਦਲ ਸਕਦੇ ਹਨ। ਜਦੋਂ ਤੁਸੀਂ ਟੈਸਟ ਲਈ ਅਧਿਐਨ ਕਰਦੇ ਹੋ, ਯਕੀਨੀ ਬਣਾਓ ਕਿ ਤੁਸੀਂ ਇਹਨਾਂ ਸਵਾਲਾਂ ਦੇ ਸਭ ਤੋਂ ਮੌਜੂਦਾ ਜਵਾਬ ਜਾਣਦੇ ਹੋ। ਇਹਨਾਂ ਸਵਾਲਾਂ ਦੇ ਜਵਾਬ ਉਸ ਅਧਿਕਾਰੀ ਦੇ ਨਾਮ ਨਾਲ ਦਿਓ ਜੋ USCIS ਨਾਲ ਤੁਹਾਡੀ ਯੋਗਤਾ ਇੰਟਰਵਿਊ ਦੇ ਸਮੇਂ ਸੇਵਾ ਕਰ ਰਿਹਾ ਹੈ। USCIS ਅਫਸਰ ਗਲਤ ਜਵਾਬ ਨੂੰ ਸਵੀਕਾਰ ਨਹੀਂ ਕਰੇਗਾ।

ਹਾਲਾਂਕਿ USCIS ਨੂੰ ਪਤਾ ਹੈ ਕਿ 100 ਨਾਗਰਿਕ ਸ਼ਾਸਤਰ ਦੇ ਸਵਾਲਾਂ ਦੇ ਹੋਰ ਸਹੀ ਜਵਾਬ ਹੋ ਸਕਦੇ ਹਨ, ਬਿਨੈਕਾਰਾਂ ਨੂੰ ਹੇਠਾਂ ਦਿੱਤੇ ਜਵਾਬਾਂ ਦੀ ਵਰਤੋਂ ਕਰਕੇ ਨਾਗਰਿਕ ਸ਼ਾਸਤਰ ਦੇ ਸਵਾਲਾਂ ਦੇ ਜਵਾਬ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਅਮਰੀਕੀ ਸਰਕਾਰ

1: ਅਮਰੀਕੀ ਲੋਕਤੰਤਰ ਦੇ ਸਿਧਾਂਤ

☛ ਦੇਸ਼ ਦਾ ਸਰਵਉੱਚ ਕਾਨੂੰਨ ਕੀ ਹੈ ?
☛ ਸੰਵਿਧਾਨ
☛ ਸੰਵਿਧਾਨ ਕੀ ਕਰਦਾ ਹੈ ?
☛ ਸਰਕਾਰ ਦੀ ਸਥਾਪਨਾ ਕਰਦਾ ਹੈ
☛ ਸਰਕਾਰ ਨੂੰ ਪਰਿਭਾਸ਼ਿਤ ਕਰਦਾ ਹੈ
☛ ਅਮਰੀਕੀਆਂ ਦੇ ਬੁਨਿਆਦੀ ਅਧਿਕਾਰਾਂ ਦੀ ਰੱਖਿਆ ਕਰਦਾ ਹੈ
☛ ਸਵੈ-ਸ਼ਾਸਨ ਦਾ ਵਿਚਾਰ ਸੰਵਿਧਾਨ ਦੇ ਪਹਿਲੇ ਤਿੰਨ ਸ਼ਬਦਾਂ ਵਿੱਚ ਹੈ। ਇਹ ਸ਼ਬਦ ਕੀ ਹਨ ?
☛ ਅਸੀਂ ਲੋਕ
☛ ਇੱਕ ਸੋਧ ਕੀ ਹੈ ?
☛ ਇੱਕ ਤਬਦੀਲੀ (ਸੰਵਿਧਾਨ ਵਿੱਚ)
☛ ਇੱਕ ਜੋੜ (ਸੰਵਿਧਾਨ ਵਿੱਚ)
☛ ਅਸੀਂ ਸੰਵਿਧਾਨ ਦੀਆਂ ਪਹਿਲੀਆਂ ਦਸ ਸੋਧਾਂ ਨੂੰ ਕੀ ਕਹਿੰਦੇ ਹਾਂ ?
☛ ਅਧਿਕਾਰਾਂ ਦਾ ਬਿੱਲ
☛ ਪਹਿਲੀ ਸੋਧ ਤੋਂ ਇੱਕ ਅਧਿਕਾਰ ਜਾਂ ਆਜ਼ਾਦੀ ਕੀ ਹੈ ?*
☛ ਭਾਸ਼ਣ
☛ ਧਰਮ
☛ ਅਸੈਂਬਲੀ
☛ ਦਬਾਓ
☛ ਸਰਕਾਰ ਨੂੰ ਪਟੀਸ਼ਨ
☛ ਸੰਵਿਧਾਨ ਵਿੱਚ ਕਿੰਨੀਆਂ ਸੋਧਾਂ ਹਨ ?
☛ ਸਤਾਈ (27)
☛ ਆਜ਼ਾਦੀ ਦੇ ਐਲਾਨਨਾਮੇ ਨੇ ਕੀ ਕੀਤਾ ?
☛ ਸਾਡੀ ਆਜ਼ਾਦੀ ਦਾ ਐਲਾਨ ਕੀਤਾ (ਗ੍ਰੇਟ ਬ੍ਰਿਟੇਨ ਤੋਂ)
☛ ਸਾਡੀ ਆਜ਼ਾਦੀ ਦਾ ਐਲਾਨ ਕੀਤਾ (ਗ੍ਰੇਟ ਬ੍ਰਿਟੇਨ ਤੋਂ)
☛ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਆਜ਼ਾਦ ਹੈ (ਗ੍ਰੇਟ ਬ੍ਰਿਟੇਨ ਤੋਂ)
☛ ਸੁਤੰਤਰਤਾ ਘੋਸ਼ਣਾ ਵਿੱਚ ਦੋ ਅਧਿਕਾਰ ਕੀ ਹਨ ?
☛ ਜੀਵਨ
☛ ਆਜ਼ਾਦੀ
☛ ਖੁਸ਼ੀ ਦਾ ਪਿੱਛਾ ਕਰਨਾ
☛ ਧਰਮ ਦੀ ਆਜ਼ਾਦੀ ਕੀ ਹੈ ?
☛ ਤੁਸੀਂ ਕਿਸੇ ਵੀ ਧਰਮ ਦਾ ਅਭਿਆਸ ਕਰ ਸਕਦੇ ਹੋ, ਜਾਂ ਕਿਸੇ ਧਰਮ ਦਾ ਅਭਿਆਸ ਨਹੀਂ ਕਰ ਸਕਦੇ ਹੋ।
☛ ਸੰਯੁਕਤ ਰਾਜ ਵਿੱਚ ਆਰਥਿਕ ਪ੍ਰਣਾਲੀ ਕੀ ਹੈ ?*
☛ ਪੂੰਜੀਵਾਦੀ ਆਰਥਿਕਤਾ
☛ ਬਾਜ਼ਾਰ ਦੀ ਆਰਥਿਕਤਾ
☛ ਕਾਨੂੰਨ ਦਾ ਰਾਜ ਕੀ ਹੈ ?
☛ ਹਰ ਕਿਸੇ ਨੂੰ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ।
☛ ਨੇਤਾਵਾਂ ਨੂੰ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ।
☛ ਸਰਕਾਰ ਨੂੰ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ।
☛ ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ ਹੈ।

ਬੀ: ਸਰਕਾਰ ਦੀ ਪ੍ਰਣਾਲੀ

☛ ਸਰਕਾਰ ਦੀ ਇੱਕ ਸ਼ਾਖਾ ਜਾਂ ਹਿੱਸੇ ਦਾ ਨਾਮ ਦੱਸੋ। *
☛ ਕਾਂਗਰਸ
☛ ਵਿਧਾਨਕ
☛ ਰਾਸ਼ਟਰਪਤੀ
☛ ਕਾਰਜਕਾਰੀ
☛ ਅਦਾਲਤਾਂ
☛ ਨਿਆਂਇਕ
☛ ਸਰਕਾਰ ਦੀ ਇੱਕ ਸ਼ਾਖਾ ਨੂੰ ਬਹੁਤ ਸ਼ਕਤੀਸ਼ਾਲੀ ਬਣਨ ਤੋਂ ਕੀ ਰੋਕਦਾ ਹੈ ?
☛ ਚੈਕ ਅਤੇ ਬੈਲੇਂਸ
☛ ਸ਼ਕਤੀਆਂ ਦਾ ਵੱਖ ਹੋਣਾ
☛ ਕਾਰਜਕਾਰੀ ਸ਼ਾਖਾ ਦਾ ਇੰਚਾਰਜ ਕੌਣ ਹੈ ?
☛ ਰਾਸ਼ਟਰਪਤੀ
☛ ਸੰਘੀ ਕਾਨੂੰਨ ਕੌਣ ਬਣਾਉਂਦਾ ਹੈ ?
☛ ਕਾਂਗਰਸ
☛ ਸੈਨੇਟ ਅਤੇ ਹਾਊਸ (ਪ੍ਰਤੀਨਿਧੀ ਸਭਾ)
☛ (ਅਮਰੀਕਾ ਜਾਂ ਰਾਸ਼ਟਰੀ) ਵਿਧਾਨ ਸਭਾ
☛ ਯੂ.ਐਸ. ਕਾਂਗਰਸ ਦੇ ਦੋ ਹਿੱਸੇ ਕੀ ਹਨ ?*
☛ ਸੈਨੇਟ ਅਤੇ ਹਾਊਸ (ਪ੍ਰਤੀਨਿਧੀ ਸਭਾ)
☛ ਕਿੰਨੇ ਅਮਰੀਕੀ ਸੈਨੇਟਰ ਹਨ ?
☛ ਇੱਕ ਸੌ (100)
☛ ਅਸੀਂ ਕਿੰਨੇ ਸਾਲਾਂ ਲਈ ਅਮਰੀਕੀ ਸੈਨੇਟਰ ਦੀ ਚੋਣ ਕਰਦੇ ਹਾਂ ?
- ਛੇ (6)
☛ ਹੁਣ ਤੁਹਾਡੇ ਰਾਜ ਦੇ ਅਮਰੀਕੀ ਸੈਨੇਟਰਾਂ ਵਿੱਚੋਂ ਇੱਕ ਕੌਣ ਹੈ ?*
- ਜਵਾਬ ਵੱਖੋ-ਵੱਖਰੇ ਹੋਣਗੇ। [ਡਿਸਟ੍ਰਿਕਟ ਆਫ਼ ਕੋਲੰਬੀਆ ਦੇ ਵਸਨੀਕਾਂ ਅਤੇ ਯੂਐਸ ਪ੍ਰਦੇਸ਼ਾਂ ਦੇ ਵਸਨੀਕਾਂ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਡੀਸੀ (ਜਾਂ ਉਹ ਖੇਤਰ ਜਿੱਥੇ ਬਿਨੈਕਾਰ ਰਹਿੰਦਾ ਹੈ) ਵਿੱਚ ਕੋਈ ਯੂਐਸ ਸੈਨੇਟਰ ਨਹੀਂ ਹਨ।]
☛ ਹਾਊਸ ਆਫ ਰਿਪ੍ਰਜ਼ੈਂਟੇਟਿਵ ਦੇ ਕਿੰਨੇ ਵੋਟਿੰਗ ਮੈਂਬਰ ਹਨ ?
☛ ਚਾਰ ਸੌ ਪੈਂਤੀ (435)
☛ ਅਸੀਂ ਕਿੰਨੇ ਸਾਲਾਂ ਲਈ ਇੱਕ ਅਮਰੀਕੀ ਪ੍ਰਤੀਨਿਧੀ ਚੁਣਦੇ ਹਾਂ ?
☛ ਦੋ (2)
☛ ਆਪਣੇ ਅਮਰੀਕੀ ਪ੍ਰਤੀਨਿਧੀ ਦਾ ਨਾਮ ਦੱਸੋ।
☛ ਜਵਾਬ ਵੱਖੋ-ਵੱਖਰੇ ਹੋਣਗੇ। [ਨਾਨਵੋਟਿੰਗ ਡੈਲੀਗੇਟ ਜਾਂ ਰੈਜ਼ੀਡੈਂਟ ਕਮਿਸ਼ਨਰ ਵਾਲੇ ਖੇਤਰਾਂ ਦੇ ਨਿਵਾਸੀ ਉਸ ਡੈਲੀਗੇਟ ਜਾਂ ਕਮਿਸ਼ਨਰ ਦਾ ਨਾਮ ਪ੍ਰਦਾਨ ਕਰ ਸਕਦੇ ਹਨ। ਇਹ ਵੀ ਸਵੀਕਾਰਯੋਗ ਹੈ ਕਿ ਕੋਈ ਵੀ ਬਿਆਨ ਹੈ ਕਿ ਪ੍ਰਦੇਸ਼ ਵਿੱਚ ਕਾਂਗਰਸ ਵਿੱਚ ਕੋਈ (ਵੋਟਿੰਗ) ਪ੍ਰਤੀਨਿਧੀ ਨਹੀਂ ਹਨ।]
☛ ਇੱਕ ਅਮਰੀਕੀ ਸੈਨੇਟਰ ਕਿਸ ਦੀ ਨੁਮਾਇੰਦਗੀ ਕਰਦਾ ਹੈ?
☛ ਰਾਜ ਦੇ ਸਾਰੇ ਲੋਕ
☛ ਕੁਝ ਰਾਜਾਂ ਵਿੱਚ ਦੂਜੇ ਰਾਜਾਂ ਨਾਲੋਂ ਵੱਧ ਪ੍ਰਤੀਨਿਧੀ ਕਿਉਂ ਹਨ ?
☛ (ਕਾਰਨ) ਰਾਜ ਦੀ ਆਬਾਦੀ
☛ (ਕਿਉਂਕਿ) ਉਹਨਾਂ ਕੋਲ ਜ਼ਿਆਦਾ ਲੋਕ ਹਨ
☛ (ਕਿਉਂਕਿ) ਕੁਝ ਰਾਜਾਂ ਵਿੱਚ ਵਧੇਰੇ ਲੋਕ ਹਨ
☛ ਅਸੀਂ ਕਿੰਨੇ ਸਾਲਾਂ ਲਈ ਰਾਸ਼ਟਰਪਤੀ ਚੁਣਦੇ ਹਾਂ ?
☛ ਚਾਰ (4)
☛ ਅਸੀਂ ਰਾਸ਼ਟਰਪਤੀ ਲਈ ਕਿਸ ਮਹੀਨੇ ਵੋਟ ਪਾਉਂਦੇ ਹਾਂ ?*
☛ ਨਵੰਬਰ
☛ ਸੰਯੁਕਤ ਰਾਜ ਦੇ ਰਾਸ਼ਟਰਪਤੀ ਦਾ ਹੁਣ ਕੀ ਨਾਮ ਹੈ ?*
☛ ਸੰਯੁਕਤ ਰਾਜ ਦੇ ਰਾਸ਼ਟਰਪਤੀ ਦੇ ਨਾਮ ਲਈ ? uscis.gov/citizenship/testupdates ਤੇ ਜਾਓ।
☛ ਹੁਣ ਅਮਰੀਕਾ ਦੇ ਉਪ ਰਾਸ਼ਟਰਪਤੀ ਦਾ ਕੀ ਨਾਮ ਹੈ ?
☛ ਸੰਯੁਕਤ ਰਾਜ ਦੇ ਉਪ ਰਾਸ਼ਟਰਪਤੀ ਦੇ ਨਾਮ ਲਈ ? uscis.gov/citizenship/testupdates @ਤੇ ਜਾਓ।
☛ ਜੇਕਰ ਰਾਸ਼ਟਰਪਤੀ ਹੁਣ ਸੇਵਾ ਨਹੀਂ ਕਰ ਸਕਦਾ, ਤਾਂ ਕੌਣ ਰਾਸ਼ਟਰਪਤੀ ਬਣੇਗਾ ?
☛ ਉਪ ਰਾਸ਼ਟਰਪਤੀ
☛ ਜੇਕਰ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੋਵੇਂ ਹੁਣ ਸੇਵਾ ਨਹੀਂ ਕਰ ਸਕਦੇ, ਤਾਂ ਕੌਣ ਰਾਸ਼ਟਰਪਤੀ ਬਣੇਗਾ ?
☛ ਸਦਨ ਦਾ ਸਪੀਕਰ
☛ ਫੌਜ ਦਾ ਕਮਾਂਡਰ ਇਨ ਚੀਫ ਕੌਣ ਹੈ ?
☛ ਰਾਸ਼ਟਰਪਤੀ
☛ ਕਾਨੂੰਨ ਬਣਨ ਲਈ ਬਿੱਲਾਂ ਤੇ ਕੌਣ ਦਸਤਖਤ ਕਰਦਾ ਹੈ?
☛ ਰਾਸ਼ਟਰਪਤੀ
☛ ਕੌਣ ਬਿੱਲਾਂ ਨੂੰ ਵੀਟੋ ਕਰਦਾ ਹੈ ?
☛ ਰਾਸ਼ਟਰਪਤੀ
☛ ਰਾਸ਼ਟਰਪਤੀ ਦੀ ਕੈਬਨਿਟ ਕੀ ਕਰਦੀ ਹੈ ?
☛ ਰਾਸ਼ਟਰਪਤੀ ਨੂੰ ਸਲਾਹ ਦਿੰਦਾ ਹੈ
☛ ਦੋ ਕੈਬਨਿਟ ਪੱਧਰੀ ਅਹੁਦੇ ਕੀ ਹਨ ?
☛ ਖੇਤੀਬਾੜੀ ਸਕੱਤਰ
☛ ਵਣਜ ਸਕੱਤਰ
☛ ਰੱਖਿਆ ਸਕੱਤਰ
☛ ਸਿੱਖਿਆ ਸਕੱਤਰ
☛ ਊਰਜਾ ਸਕੱਤਰ
☛ ਸਿਹਤ ਅਤੇ ਮਨੁੱਖੀ ਸੇਵਾਵਾਂ ਦੇ ਸਕੱਤਰ
☛ ਹੋਮਲੈਂਡ ਸਕਿਓਰਿਟੀ ਦੇ ਸਕੱਤਰ
☛ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਸਕੱਤਰ

## ਕੈਨੇਡਾ ’ਚ ਅੱਜ ਤੋਂ ਲਾਗੂ ਹੋਵੇਗਾ ਬ੍ਰਿਟਿਸ਼ ਕੋਲੰਬੀਆ ਦਾ ਨਵਾਂ ਐਕਟ, 29 ਪੇਸ਼ਿਆਂ ’ਤੇ ਪਵੇਗਾ ਅਸਰ



ਟੋਰਾਂਟੋ,- ਕੈਨੇਡਾ ’ਚ ਬ੍ਰਿਟਿਸ਼ ਕੋਲੰਬੀਆ ਦਾ ਅੰਤਰਰਾਸ਼ਟਰੀ ਕ੍ਰੇਡੇਂਸ਼ੀਅਲ ਮਾਨਤਾ ਐਕਟ 1 ਜੁਲਾਈ ਤੋਂ ਲਾਗੂ ਹੋ ਜਾਵੇਗਾ। ਇਹ ਐਕਟ ਸੂਬੇ ’ਚ ਅੰਤਰਰਾਸ਼ਟਰੀ ਕ੍ਰੇਡੇਂਸ਼ੀਅਲ ਨੂੰ ਮਾਨਤਾ ਦੇਣ ਦੇ ਤਰੀਕੇ ’ਚ ਕਈ ਬਦਲਾਅ ਕਰਦਾ ਹੈ ਅਤੇ ਬਿਨੈਕਾਰਾਂ ਲਈ ਪ੍ਰਕਿਰਿਆ ਨੂੰ ਸਰਲ ਬਣਾਉਂਦਾ ਹੈ। ਖਾਸ ਤੌਰ ਤੇ, ਇਹ ਕੈਨੇਡੀਅਨ ਕੰਮ ਦੇ ਤਜਰਬੇ ਦੀਆਂ ਜ਼ਰੂਰਤਾਂ, ਕੁਝ ਬਿਨੈਕਾਰਾਂ ਲਈ ਭਾਸ਼ਾ ਟੈਸਟ ਅਤੇ ਅੰਤਰਰਾਸ਼ਟਰੀ ਬਿਨੈਕਾਰਾਂ ਲਈ ਵਾਧੂ ਫੀਸਾਂ ਨੂੰ ਹਟਾਉਂਦਾ ਹੈ। ਇਸ ਦਾ ਪ੍ਰਭਾਵ ਇੰਜੀਨੀਅਰਾਂ ਤੋਂ ਲੈ ਕੇ ਅਕਾਊਂਟੈਂਟ, ਰੀਅਲ ਐਸਟੇਟ ਬ੍ਰੋਕਰ, ਹੈਲਥਕੇਅਰ ਪੇਸ਼ੇਵਰਾਂ ਅਤੇ ਹੋਰ 29 ਪੇਸ਼ਿਆਂ ’ਤੇ ਪਵੇਗਾ। ਸੂਬੇ ਨੇ ਕਾਨੂੰਨ ਦਾ ਖਰੜਾ ਤਿਆਰ ਕਰਨ ਲਈ 18 ਰੈਗੂਲੇਟਰੀ ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਕੀਤਾ, ਜੋ ਕਿ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੁਆਰਾ ਪਿਛਲੇ ਸਾਲ ਨਵੰਬਰ ’ਚ ਪਾਸ ਕੀਤਾ ਗਿਆ ਸੀ।ਇਹ ਐਕਟ ਗੈਰ-ਜ਼ਰੂਰੀ ਕੈਨੇਡੀਅਨ ਕੰਮ ਦੇ ਅਨੁਭਵ ਦੀਆਂ ਜ਼ਰੂਰਤਾਂ ਨੂੰ ਹਟਾ ਕੇ ਅੰਤਰਰਾਸ਼ਟਰੀ ਕ੍ਰੇਡੇਂਸ਼ੀਅਲ ਮਾਨਤਾ ਨੂੰ ਸੁਚਾਰੂ ਕਰੇਗਾ। ਸੈਕੰਡਰੀ ਸਿੱਖਿਆ ਅਤੇ ਭਵਿੱਖ ਦੇ ਹੁਨਰ ਮੰਤਰਾਲਾ ਦਾ ਕਹਿਣਾ ਹੈ ਕਿ ਇਹ ਮੌਜੂਦਾ ਦ੍ਰਿਸ਼ਟੀਕੋਣ ਾਂ ਨੂੰ ਸਮਝਣ ਅਤੇ ਕਿਸੇ ਮੌਜੂਦਾ ਕੈਨੇਡੀਅਨ ਕੰਮ ਦੇ ਤਜਰਬੇ ਦੀਆਂ ਲੋੜਾਂ ਦੀ ਪਛਾਣ ਕਰਨ ਲਈ ਰੈਗੂਲੇਟਰੀ ਅਥਾਰਟੀਆਂ ਨਾਲ ਕੰਮ ਕਰ ਰਿਹਾ ਹੈ ਜੋ ਨਵੇਂ ਨਿਯਮਾਂ ਅਧੀਨ ਵਰਜਿਤ ਹੋਣਗੇ। ਹਾਲਾਂਕਿ ਸੂਬੇ ਦਾ ਕਹਿਣਾ ਹੈ ਕਿ ਇੰਟਰਨੈਸ਼ਨਲ ਕ੍ਰੈਡੈਂਸ਼ੀਅਲ ਮਾਨਤਾ ਦੇ ਸੁਪਰਡੈਂਟ ਕੈਨੇਡੀਅਨ ਕੰਮ ਦੇ ਤਜਰਬੇ ਦੀ ਲੋੜ ਨੂੰ ਇਕ ਜਾਇਜ਼ ਕਾਰਨ ਵਾਲੇ ਰੈਗੂਲੇਟਰ ਨੂੰ ਛੋਟ ਦੇ ਸਕਦੇ ਹਨ।

## ਫਰਾਂਸ ’ਚ ਸੰਸਦੀ ਚੋਣਾਂ ਲਈ ਵੋਟਿੰਗ ਜਾਰੀ

ਪੈਰਿਸ- ਫਰਾਂਸ ਵਿਚ ਸੰਸਦੀ ਚੋਣਾਂ ਦੇ ਪਹਿਲੇ ਗੇੜ ਲਈ ਐਤਵਾਰ ਨੂੰ ਵੋਟਿੰਗ ਜਾਰੀ ਹੈ ਅਤੇ ਇਹ ਭਵਿੱਖਬਾਣੀ ਕੀਤੀ ਜਾ ਰਹੀ ਹੈ ਕਿ ਨਾਜ਼ੀ ਦੌਰ ਤੋਂ ਬਾਅਦ ਪਹਿਲੀ ਵਾਰ ਸੱਤਾ ਦੀ ਵਾਗਡੋਰ ਰਾਸ਼ਟਰਵਾਦੀ ਅਤੇ ਧੁਰ-ਕੱਟੜਪੰਥੀ ਦੇ ਹੱਥਾਂ ਵਿਚ ਜਾ ਸਕਦੀ ਹੈ। ਦੋ ਪੜਾਵਾਂ ਵਿੱਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ 7 ਜੁਲਾਈ ਨੂੰ ਖਤਮ ਹੋਣਗੀਆਂ।ਚੋਣ ਨਤੀਜਿਆਂ ਦਾ ਯੂਰਪੀਅਨ ਵਿੱਤੀ ਬਾਜ਼ਾਰਾਂ, ਯੂਕਰੇਨ ਲਈ ਪੱਛਮੀ ਸਮਰਥਨ ਅਤੇ ਵਿਸ਼ਵ ਫੌਜੀ



ਬਲਾਂ ਅਤੇ ਪ੍ਰਮਾਣੂ ਹਥਿਆਰਾਂ ਦੇ ਪ੍ਰਬੰਧਨ ਦਾ ਫਰਾਂਸ ਦੇ ਪ੍ਰਬੰਧਨ ’ਤੇ ਮਹੱਤਵਪੂਰਣ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਬਹੁਤ ਸਾਰੇ ਫਰਾਂਸੀਸੀ ਵੋਟਰ ਮਹਿੰਗਾਈ ਅਤੇ ਆਰਥਿਕ ਚਿੰਤਾਵਾਂ ਤੋਂ ਚਿੰਤਤ ਹਨ ਅਤੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੀ ਅਗਵਾਈ ਤੋਂ ਵੀ ਨਿਰਾਸ਼ ਹਨ। ਫਰਾਂਸ ਵਿੱਚ ਸੰਸਦੀ ਚੋਣਾਂ ਲਈ ਵੋਟਿੰਗ ਐਤਵਾਰ ਨੂੰ ਸਵੇਰੇ 8 ਵਜੇ ਸ਼ੁਰੂ ਹੋਈ ਅਤੇ ਚੋਣ ਨਤੀਜਿਆਂ ਦੇ ਸ਼ੁਰੂਆਤੀ ਰੁਝਾਨ ਰਾਤ 8 ਵਜੇ ਆਉਣ ਦੀ ਉਮੀਦ ਹੈ।ਇਸ ਸਾਲ ਜੂਨ ਦੇ ਸ਼ੁਰੂ ਵਿੱਚ ਯੂਰਪੀਅਨ ਸੰਸਦੀ ਚੋਣਾਂ ਵਿੱਚ ‘ਨੈਸ਼ਨਲ ਰੈਲੀ’ ਦੀ ਕਰਾਰੀ ਹਾਰ ਤੋਂ ਬਾਅਦ ਮੈਕਰੋਨ ਨੇ ਫਰਾਂਸ ਵਿੱਚ ਮੱਧਕਾਲੀ ਚੋਣਾਂ ਦਾ ਐਲਾਨ ਕੀਤਾ ਸੀ। ਨੈਸ਼ਨਲ ਰੈਲੀ ਦਾ ਨਸਲਵਾਦ ਅਤੇ ਯਹੂਦੀ-ਵਿਰੋਧੀ ਸਬੰਧਾਂ ਨਾਲ ਲੰਬੇ ਸਮੇਂ ਤੋਂ ਸਬੰਧ ਹਨ ਅਤੇ ਇਸ ਨੂੰ ਫਰਾਂਸ ਦੇ ਮੁਸਲਿਮ ਭਾਈਚਾਰੇ ਦਾ ਵਿਰੋਧੀ ਮੰਨਿਆ ਜਾਂਦਾ ਹੈ। ਚੋਣ ਨਤੀਜਿਆਂ ਦੀ ਭਵਿੱਖਬਾਣੀ ਮੁਤਾਬਕ ‘ਰਾਸ਼ਟਰੀ ਰੈਲੀ’ ਦੀ ਪਾਰਲੀਮੈਂਟ ਚੋਣਾਂ ਜਿੱਤਣ ਦੀ ਸੰਭਾਵਨਾ ਹੈ।



# ਜੰਨ ਦੀ ਸੇਵਾ

-ਸੁਖਮੰਦਰ ਸਿੰਘ ਬਰਾੜ
'ਭਗਤਾ ਭਾਈ ਕਾ'

**ਭਾਵੇਂ ਬਾਬੇ ਬਚਨ ਸਿਉਂ ਨੂੰ ਕੱਲ੍ਹ ਪਿੰਡ ਵਿੱਚ ਆਈ ਜੰਨ ਨੂੰ ਕੁੱਟਣ ਦੀ ਖ਼ਬਰ ਬਾਰੇ ਪੂਰਾ ਪਤਾ ਸੀ ਪਰ ਫਿਰ ਵੀ ਉਹ ਤਾਰੇ ਤੋਂ ਵੀ ਇਸ ਬਾਰੇ ਕਰਾਰੀਆਂ ਕਰਾਰੀਆਂ ਸੁਣਨਾ ਚਾਹੁੰਦਾ ਸੀ ਕਿਉਂਕਿ ਉਹ ਜਾਨੀਆਂ ਨੂੰ ਦੱਖੂ ਦਾਣੇ ਦੇਣ ਵਿੱਚ ਸਭ ਤੋਂ ਮੋਹਰੀ ਸੀ ਅਤੇ ਸਾਰੇ ਪਿੰਡ ਵਿੱਚ ਓਸੇ ਦੀ ਹੀ ਚਰਚਾ ਸੀ।**

ਨੰਬਰਦਾਰਾਂ ਦਾ ਤਾਰਾ ਮੰਡੀਉਂ ਆਉਂਦਾ ਬੱਸੋਂ ਉੱਤਰ ਕੇ ਜਦੋਂ ਸੱਥ ਕੋਲ ਦੀ ਲੰਘਣ ਲੱਗਾ ਤਾਂ ਬਾਬੇ ਬਚਨ ਸਿਉਂ ਨੇ ਬਜ਼ੁਰਗ ਅਵਸਥਾ ਵਿੱਚੋਂ ਆਵਾਜ਼ ਮਾਰੀ,

ਤਾਰ ! ਬੱਚੂ ਗੱਲ ਸੁਣ ਕੇ ਜਾਈਂ।

ਬਾਬੇ ਦੀ ਮੱਧਮ ਜਿਹੀ ਆਵਾਜ਼ ਸੁਣਕੇ ਤਾਰਾ ਸੱਥ ਵੱਲ ਨੂੰ ਇਉਂ ਕੂਹਣੀ ਮੋੜ ਮੁੜਿਆ ਜਿਵੇਂ ਇੱਕ ਪਾਸੇ ਦਾ ਬਰੇਕ ਬੰਨ੍ਹ ਕੇ ਟਰੈਕਟਰ ਨੂੰ ਥਾਂ ਤੇ ਹੀ ਮੋੜ ਦਿੱਤਾ ਹੋਵੇ। ਭਾਵੇਂ ਬਾਬੇ ਬਚਨ ਸਿਉਂ ਨੂੰ ਕੱਲ੍ਹ ਪਿੰਡ ਵਿੱਚ ਆਈ ਜੰਨ ਨੂੰ ਕੁੱਟਣ ਦੀ ਖ਼ਬਰ ਬਾਰੇ ਪੂਰਾ ਪਤਾ ਸੀ ਪਰ ਫਿਰ ਵੀ ਉਹ ਤਾਰੇ ਤੋਂ ਵੀ ਇਸ ਬਾਰੇ ਕਰਾਰੀਆਂ ਕਰਾਰੀਆਂ ਸੁਣਨਾ ਚਾਹੁੰਦਾ ਸੀ ਕਿਉਂਕਿ ਉਹ ਜਾਨੀਆਂ ਨੂੰ ਦੱਖੂ ਦਾਣੇ ਦੇਣ ਵਿੱਚ ਸਭ ਤੋਂ ਮੋਹਰੀ ਸੀ ਅਤੇ ਸਾਰੇ ਪਿੰਡ ਵਿੱਚ ਓਸੇ ਦੀ ਹੀ ਚਰਚਾ ਸੀ। ਸੱਥ ਵਿੱਚ ਸੁਬ੍ਹਾ ਤੋਂ ਹੀ ਜੰਨ 'ਤੇ ਹੋਈ ਛਿੱਤਰੌਲ ਅਤੇ ਤਾਰੇ ਦੀ ਬਹਾਦਰੀ ਦੀਆਂ ਹੀ ਗੱਲਾਂ ਹੋ ਰਹੀਆਂ ਸਨ। ਲੋਕ, ਤਰਾਂ ਤਰਾਂ ਦੇ ਮਸਾਲੇ ਲਾ ਲਾ ਕੇ ਗੱਲਾਂ ਦੇ ਗਲੇਲੇ ਵੱਟੀ ਜਾ ਰਹੇ ਸਨ। ਤਾਰਾ ਘਰ ਦਾ ਸੌਦਾ ਪੱਤਾ ਲੈਣ ਲਈ ਸੁਬ੍ਹਾ ਸੱਤ ਵਾਲੀ ਬੱਸ ਤੇ ਚੜ੍ਹਕੇ ਮੰਡੀ ਚਲਾ ਗਿਆ ਸੀ ਜਿਸ ਕਰਕੇ ਉਹ ਅੱਜ ਸੱਥ ਵਿੱਚ ਆਇਆ ਹੀ ਨ੍ਹੀ ਸੀ ਅਤੇ ਲੋਕ ਉਸ ਦੀ ਜ਼ੁਬਾਨੀ ਕੱਲ੍ਹ ਦੇ ਕੁਟਾਪੇ ਬਾਰੇ ਪੂਰੀ ਤਰਾਂ ਜਾਨਣਾ ਚਾਹੁੰਦੇ ਸਨ। ਹੱਥ ਵਿੱਚ ਫੜੇ ਦੋ ਵੱਡੇ ਵੱਡੇ ਮੋਟੇ ਖੱਦਰ ਦੇ ਝੋਲ਼ੇ, ਸੱਥ ਵਾਲੇ ਥੜੇ ਤੇ ਰੱਖ ਕੇ ਤਾਰਾ, ਬਾਬੇ ਬਚਨ ਸਿਉਂ ਨੂੰ ਫ਼ਤਹਿ ਬੁਲਾ ਕੇ ਨੇੜੇ ਹੋ ਕੇ ਬੋਲਿਆ, ਹਾਂ ਬਾਬਾ ਜੀ। ਬਾਬੇ ਨੇ ਤਾਰੇ ਤੋਂ ਕੱਲ੍ਹ ਜੰਨ 'ਤੇ ਚਾੜ੍ਹੇ ਕੁਟਾਪੇ ਦੀ ਹੀਰ ਸੁਣਨ ਲਈ ਗੋਲ ਟਿੱਚਰ ਕਰਕੇ ਪੁੱਛਿਆ, ਕੱਲ੍ਹ ਫਿਰ ਛਕਾਅ 'ਤਾ ਬਗਰੋਟਾ ਜਾਨੀਆਂ ਨੂੰ ? ਤਾਰੇ ਨੇ ਵੀ ਮੁਸ਼ਕਣੀਆਂ ਹੱਸ ਕੇ ਬਾਬੇ ਨੂੰ ਮਖੌਲ 'ਚ ਹੀ ਜਵਾਬ ਦਿੱਤਾ, ਬਗਰੋਟਾ ਛੱਡ ਇੱਕ ਝੋਟਾ ਵੀ ਦੇ 'ਤਾ ਬਾਬਾ। ਬਾਬੇ ਨੇ ਝੋਟੇ ਦਾ ਨਾਂ ਸੁਣ ਕੇ ਹੈਰਾਨੀ ਨਾਲ ਪੁੱਛਿਆ, ਝੋਟਾ ਕੀ ? ਕੋਲ ਬੈਠਾ ਨਾਥਾ ਅਮਲੀ ਤਾਰੇ ਦੇ ਬੋਲਣ ਤੋਂ ਪਹਿਲਾਂ ਹੀ ਬੋਲ ਪਿਆ, ਜਿਹੜਾ ਝੋਟਾ ਪਿੰਡ ਨੇ ਛੱਡਿਐ, ਉਹ ਵੀ ਕਿਤੇ ਓੱਥੇ ਹੀ ਫਿਰਦਾ ਸੀ, ਇਨ੍ਹਾਂ ਨੇ ਦੋ ਜਾਨੀਆਂ ਦੀ ਚੰਗੀ ਮੁਰੰਮਤ ਕਰਕੇ ਝੋਟੇ ਦੇ ਉੱਤੇ ਬਿਠਾ ਕੇ ਫੋਟੂ ਖਿੱਚ ਲੀ। ਬਾਬੇ ਨੇ ਅਮਲੀ ਦੀ ਗੱਲ ਸੁਣਕੇ ਸ਼ਾਬਾਸ਼ ਦਿੰਦਿਆਂ ਕਿਹਾ, ਵਾਹ ਓਏ ਸ਼ੇਰੋ ! ਏਹੋ ਜੇ ਜਾਨੀਆਂ ਨਾਲ ਤਾਂ ਏਵੇਂ ਹੀ ਹੋਣੀ ਚਾਹੀਦੀ ਸੀ। ਬਾਬੇ ਨੇ ਤਾਰੇ ਵੱਲ ਮੁਹਾਰ ਮੋੜਦਿਆਂ ਕਿਹਾ, ਤੂੰ ਤਾਂ ਤਾਰ ਵਿਆਹ ਦੇ ਵਿੱਚ ਸੀ, ਅਸਲ 'ਚ ਗੱਲ ਕੀ ਹੋਈ ਐ ? ਬਹਿ ਜਾ ਬਹਿ ਕੇ ਸੁਣਾ ਸਾਰੀ ਹੀਰ। ਤਾਰੇ ਦੀ ਬਾਬੇ ਦੇ ਮੂਹਰੇ ਬੈਠਣ ਦੀ ਦੇਰ ਹੀ ਸੀ ਕਿ ਸੱਥ ਵਿੱਚ ਬੈਠੇ ਸਾਰਿਆਂ ਨੇ ਤਾਰੇ ਦੁਆਲੇ ਇਉਂ ਝੁੰਮਟ ਮਾਰ ਲਿਆ ਜਿਵੇਂ ਸਵਾਰੀਆਂ ਨੇ ਬਕਾਇਆ ਲੈਣ ਲਈ ਕਡੰਕਟਰ ਘੇਰਿਆ ਹੋਵੇ। ਤਾਰੇ ਨੇ ਬੈਠਦਿਆਂ ਹੀ ਕਰ 'ਤੀ ਕਵੀਸ਼ਰੀ ਸ਼ੁਰੂ ਫਿਰ। ਕਹਿੰਦਾ,

ਬਾਬਾ ! ਅਸਲ 'ਚ ਤਾਂ ਗੱਲ ਇਥੋਂ ਚੱਲੀ ਐ ਕਿ ਜਦੋਂ ਰਿਸ਼ਤੇ ਦੀ ਗੱਲ ਹੋਈ ਸੀ, ਮੁੰਡੇ ਆਲਿਆਂ ਨੂੰ ਉਦੋਂ ਹੀ ਪੁੱਛ ਲਿਆ ਸੀ ਕਿ ਸੋਡੀ ਮੰਗ ਕੀ ਐ ? ਮੁੰਡੇ ਆਲਿਆਂ ਨੇ ਜੋ ਵੀ ਆਪਣੀ ਮੰਗ ਦੱਸੀ ਤਾਂ ਤਾਏ ਇਕਬਾਲ ਸਿਉਂ ਨੇ ਹਾਂ ਕਰਕੇ ਆਪਣੀ ਵੀ ਇੱਕ ਮੰਗ ਦੱਸ 'ਤੀ ਕਿ ਮੀਟ-ਸ਼ਰਾਬ ਬਾਰੇ ਸਰਦਾਰ ਜੀ ਮੇਰੀ ਬੇਨਤੀ ਕਬੂਲਿਓ ਕਿ ਇਹ ਨ੍ਹੀ ਮੈਂ ਦੇ ਸਕਦਾ ਕਿਉਂਕਿ ਕਈ ਪੀੜ੍ਹੀਆਂ ਤੋਂ ਸਾਡੇ ਘਰ ਵਿੱਚ ਇਸ ਦੀ ਵਰਤੋਂ ਨ੍ਹੀ ਹੈਗੀ। ਚਲੋ, ਖੈਰ ! ਰਿਸ਼ਤਾ ਸਿਰੇ ਚੜ੍ਹ ਗਿਆ, ਮੁੰਡੇ ਆਲਿਆਂ ਨੇ ਮੀਟ-ਸ਼ਰਾਬ ਨਾ ਲੈਣ ਦੀ ਗੱਲ ਮੰਨ ਲੀ ਪਰ ਜਦੋਂ ਕੱਲ੍ਹ ਜੰਨ ਰੋਟੀ ਖਾਣ ਲੱਗੀ ਤਾਂ ਮੁੰਡੇ ਦਾ ਇੱਕ ਫੁੱਫੜ ਫੌਜੀ ਲਟੈਰ ਹੋ ਕੇ ਆਇਐ, ਸ਼ਰਾਬ ਦੇ ਲਾ ਕੇ ਦੋ ਲੰਡੂ ਜੇ ਪੈਗ, ਪਿਸਤੋ ਈ ਬੋਲੀ ਜਾਵੇ। ਹਮਕੋ ਤੁਮਕੋ ਜਾ ਕਰਕੇ ਕਹਿੰਦਾ, ਹਮ ਤੋ ਮੀਟ ਸੇ ਖਾਣਾ ਖਾਏਂਗੇ, ਬੱਕਰੇ ਕਾ ਤਾਜ਼ਾ ਮੀਟ ਦੋਹ, ਨਹੀਂ ਤੋ ਲਟਕੀ ਕੋ ਲੇ ਕਰ ਨਹੀਂ ਜਾਏਂਗੇ।

ਸੱਥ 'ਚ ਬੈਠਾ ਗੇਬੂ ਕਹਿੰਦਾ, ਕੱਲੇ ਫੌਜੀ ਦੀ ਬੀਨ ਈਂ ਵਜਾਉਣੀ ਸੀ, ਸਾਰੀ ਜੰਨ ਕਿਉਂ ਕੁੱਟ ਸਿੱਟੀ। ਤਾਰਾ ਕਹਿੰਦਾ, ਜਦੋਂ ਫੌਜੀ ਨੇ ਮੀਟ ਦਾ ਰੌਲਾ ਪਾਉਣਾ ਸ਼ੁਰੂ ਕੀਤਾ ਤਾਂ ਦੂਜੇ ਜਾਨੀਆਂ ਨੇ ਵੀ ਕੰਨ ਚੱਕ ਲੇ। ਜਿਵੇਂ ਖ਼ਰਬੂਜਾ-ਖ਼ਰਬੂਜੇ ਨੂੰ ਵੇਖ ਕੇ ਰੰਗ ਫ਼ੜ ਜਾਦੈ, ਓਵੇਂ ਸਾਰੀ ਜੰਨ ਈ ਫੌਜੀ ਦੀ ਬੋਲੀ ਬੋਲਣ ਲੱਗ ਪੀ। ਮੁੰਡੇ ਦੇ ਪਿਓ ਨੂੰ ਬਥੇਰਾ ਸਮਝਾਇਆ ਕਿ ਸਰਦਾਰ ਜੀ ਇਹ ਗੱਲ ਚੰਗੀ ਨ੍ਹੀ ਕਿ ਖੜ੍ਹੇ ਪੈਰ ਬਿਨ ਕਾਰਮੀ ਗੱਲ ਦੀ ਜਿੱਦ ਕੀਤੀ ਜਾਵੇ। ਸਾਰੇ ਕਾਰ ਵਿਹਾਰ ਹੋਣ ਪਿੱਛੋਂ ਰੋਟੀ ਦੇ ਵੇਲੇ ਰੌਲਾ ਪਾਉਣਾ ਸਿਆਣਪ ਆਲੀ ਗੱਲ ਨ੍ਹੀ। ਸਰਦਾਰ ਜੀ ਤੁਸੀਂ ਤਾਂ ਆਪ ਸਿਆਣੇ ਓਂ, ਤੁਸੀਂ ਸਗੋਂ ਇੰਨ੍ਹਾਂ ਨੂੰ ਸਮਝਾਓ। ਅਸੀਂ ਤਾਂ ਬਾਬਾ ਅਜੇ ਇਹ ਸੋਚਦੇ ਸੀ ਕਿ ਚਲੋ ! ਮੁੰਡੇ ਦੇ ਫੁੱਫੜ ਨੂੰ ਥੋੜਾ ਘਣਾ ਮੀਟ ਲਿਆਕੇ ਸਿੱਧੂਆਂ ਦੀ ਬੈਠਕ 'ਚ ਬਿਠਾ ਕੇ ਓਹਦੀ ਜਿੱਦ ਪੂਰੀ ਕਰ ਦਿੰਨੈਂ ਆਂ ਪਰ ਮੁੰਡੇ ਦਾ ਪਿਓ ਤਾਂ ਆਪ ਫੌਜੀ ਆਲੀ ਗੱਲ



ਤੇ ਮੀਟ ਪਿੱਛੇ ਅੜ ਗਿਆ।

ਤਾਏ ਸੰਤੇ ਅਰਗਿਆਂ ਨੇ ਬਥੇਰਾ ਕਿਹਾ ਕਿ ਸਰਦਾਰ ਜੀ ਬਿਨਾਂ ਗੱਲੋਂ ਕਿਸੇ ਰਿਸ਼ਤੇਦਾਰ ਨੂੰ ਤੰਗ ਕਰਨਾ ਗੱਲ ਸੋਭਦੀ ਨ੍ਹੀ, ਆਪਾਂ ਸਾਰੇ ਈ ਧੀਆਂ ਭੈਣਾਂ ਆਲੇ ਆਂ, ਤੁਸੀਂ ਸਗੋਂ ਇੰਨ੍ਹਾਂ ਨੂੰ ਰੋਕੋ।ਏਨੀ ਗੱਲ ਸੁਣ ਕੇ ਬਾਬੇ ਦੇ ਨਾਲ ਬੈਠੇ ਨਾਥੇ ਅਮਲੀ ਨੇ ਵੀ ਆਵਦਾ ਟੱਟੂ ਵਿੱਚੇ ਈ ਦੁਵੱਲ ਦਿੱਤਾ। ਕਹਿੰਦਾ, ਬਿਗੜਿਆ ਜੱਟ ਤੇ ਅੜੀ ਘੋੜੀ ਛਿੱਤਰ ਪਤਾਨ ਬਿਨ੍ਹਾਂ ਨ੍ਹੀ ਲੋਟ ਆਉਂਦੇ।

ਬਾਬੇ ਨੇ ਅਮਲੀ ਨੂੰ ਟੋਕਦਿਆਂ ਕਿਹਾ, ਅਮਲੀਆ ਪਹਿਲਾਂ ਗੱਲ ਸੁਣ ਲੈ, ਫੇਰ ਕਰ ਲੀਂ ਤੂੰ ਆਵਦੀ ਵਕਾਲਤ।

ਤਾਰੇ ਨੇ ਗੱਲ ਅੱਗੇ ਤੋਰਦਿਆਂ ਦੱਸਿਆ ਕਿ ਇਹ ਤਾਂ ਕਹਾਣੀ ਬਾਬਾ ਉਦੋਂ ਬਿਗੜੀ ਜਦੋਂ ਸਾਰੀ ਜੰਨ ਈ ਮੀਟ ਮੀਟ ਕਰਨ ਲੱਗ ਪੀ ਤੇ ਮੇਚਾਂ ਤੋਂ ਪਲੇਟਾਂ ਸਿੱਟਣ ਲੱਗ ਪੇ। ਫੇਰ ਤਾਂ ਬਾਬਾ ਸਦੀਕ ਦੇ ਗਾਣੇ ਆਲੀ ਹੋਈ ਕਿ 'ਲਾ ਲਾ ਹੋ ਗੀ ਖਾੜਾ ਗਿਆ ਹੱਲ ਸੀਂ'। ਤਾਏ ਇੱਕਬਾਲ ਅਰਗੇ ਤਾਂ ਅਜੇ ਮਿੰਨਤਾਂ ਈਂ ਕਰਦੇ ਰਹਿ ਗੇ, ਪਰ ਅਸੀਂ ਤਾਂ ਫੇਰ ਚਾੜ੍ਹਤਾ ਬੋਤਾ ਰੇਲ ਤੇ । ਚੜ੍ਹਤੇ ਕੇ ਗੋਰੇ ਨੇ ਤਾਂ ਫਿਰ ਮੁੰਡੇ ਦੇ ਪਿਓ ਨੂੰ ਈ ਢਾਹ ਲਿਆ ਲੰਡੇ ਬੋਕ ਆਂਗੂੰ। ਹੀਰੇ ਕੇ ਚਰਨੇ ਨੇ ਜਿਉਂ ਚੱਕਿਆ ਲਾੜਾ, ਬਾਬੂ ਕੱਬੇ ਕੀਆਂ ਛਿਟੀਆਂ ਦੇ ਕੁਨੂੰ 'ਚ ਲਿਜਾ ਕੇ ਝੰਬਿਆ। ਬਖਤੂ ਬੁੜ੍ਹੇ ਨੇ ਸਰਵਾਹਲੇ ਦੇ ਤਿੰਨ ਚਾਰ ਮਾਰ ਕੇ ਚਪੇੜਾਂ ਉਹਦੀ ਪੈਸਿਆਂ ਆਲੀ ਚੁੰਨੀ ਜੀ ਖੋਹ ਲੀ, ਕਹਿੰਦਾ, ਭੱਜ ਜਾ, ਸਾਲ਼ਾ ਵੱਡਾ ਆਇਆ ਨਾਢੂ ਖਾਂ ਏਹੇ। ਹਾਕਮ ਕਾ ਛਿੰਦਾ ਫੌਜੀ ਕਹਿੰਦਾ, ਸਾਰੇ ਸਿਆਪੇ ਦੀ ਨੈਣ ਫੌਜੀ ਕਿਵੇਂ ਬਚ ਗਿਆ ਮੁੰਡੇ ਦਾਫੁੱਫੜ ?

ਨਾਥਾ ਅਮਲੀ ਫੌਜੀ ਦੀ ਗੱਲ ਸੁਣ ਕੇ ਤਾਰੇਨੂੰਕਹਿੰਦਾ,ਦੱਸਦੇ ਤਾਰਿਆ ਏਹਨੂੰ ਫੌਜੀ ਬਾਰੇ, ਇਹਦਾ ਗੁਰ ਭਾਈ ਸੀ ਉਹੋ।

ਤਾਰਾ ਗੱਲ ਕਰਦਾ ਕਰਦਾ ਹੱਸ ਕੇ ਕਹਿੰਦਾ, ਬਚਿ ਆ ਨ੍ਹੀ ਉਹ, ਓਹਦੇ ਨਾਲ ਤਾਂ ਸਭ ਤੋਂ ਵੱਧ ਭੈੜੀ ਹੋਈ ਐ।

ਬਾਬਾ ਕਹਿੰਦਾ, ਉਹ ਕਿਵੇਂ ?

ਤਾਰਾ ਕਹਿੰਦਾ, ਜਦੋਂ ਮੈਂ ਵੇਖਿਆ ਕਿ ਇਹ ਤਾਂ ਚਾਰ ਛਪੇਰੇ ਈ ਚੱਲ ਪਿਆ ਕੰਮ, ਓਹਨੂੰ ਬਾਬਾ ਫਿਰ ਮੈਂ ਪੈ ਨਿੱਕਲਿਆ । ਫੌਜੀ ਨੂੰ ਸਬਜੀ ਤੇ ਬੂੰਦੀ ਨਾਲ ਲਬੇੜ ਕੇ ਲੱਛੂ ਕੇ ਵਾੜੇ 'ਚ ਲੈ ਗਿਆ ਮੈ ਚੱਕ ਕੇ। ਸਾਲੇ ਦੇ ਜਿਹੜੇ ਦੋ ਪੈਗ ਪੀਤੇ ਸੀ ਝੱਟ ਲਹਿ ਗੇ, ਮੇਰੀਆਂ ਮਿੰਨਤਾਂ ਈ ਕਰੀ ਜਾਵੇ। 'ਨਾ ਓਏ ਭਰਾਵਾ ਨਾ ਕੁੱਟ, ਆਪਣੀ ਕਿਹੜਾ ਕੋਈ ਦੁਸ਼ਮਨੀ ਐਂ, ਜੇ ਕੁੱਟਣਾਂ ਈ ਐ ਤਾਂ ਔਹ ਹੋਰ ਬਥੇਰੇ ਫਿਰਦੇ ਐ ਜਾਨੀ ਉਨ੍ਹਾਂ ਨੂੰ ਕੁੱਟ ਲੈ, ਛੱਡਦੇ ਬਾਪੂ ਛੱਡਦੇ, ਹੁਣ ਨ੍ਹੀ ਮੰਗਦਾ ਮੀਟ, ਤੈਨੂੰ ਖੁਆ ਦੂੰ ਪਰ ਤੇਰੇ ਤੋਂ ਨ੍ਹੀ ਮੰਗਦਾ।

ਬੱਸ ਫੇਰ ਬਾਬਾ ਜਦੋਂ ਇਹ ਖਾੜਾ ਮਘ ਗਿਆਂ ਤਾਂ ਕਿਸੇ ਨੇ ਗੁਰਦੁਆਰੇ ਸਪੀਕਰ 'ਚ ਬੋਲ 'ਤਾ ਕਿ ਭਾਈ ਸਾਰੇ ਪਿੰਡ ਆਲੇ ਇਕਬਾਲ ਢਿੱਲੋਂ ਕੇ ਘਰੇ ਜਲਦੀ ਤੋਂ ਜਲਦੀ ਪਹੁੰਚੋਂ ਉਨ੍ਹਾਂ ਦੀ ਕੁੜੀ ਦੇ ਵਿਆਹ 'ਚ ਕੋਈ ਲੜਾਈ ਹੋ ਗੀ ਐ । ਸਪੀਕਰ 'ਚ ਹੋਕਾ ਦੇਣ ਦੀ ਦੇਰ ਹੀ ਸੀ ਕਿ ਸਾਰਾ ਪਿੰਡ ਇੱਲ੍ਹਾਂ ਆਂਗੂੰ ਆ ਉੱਤਰਿਆ। ਤਿੰਨ ਤਿੰਨ-ਚਾਰ ਚਾਰ ਪਿੰਡ ਆਲਿਆਂ ਨੂੰ ਇੱਕ ਇੱਕ ਜਾਨੀ ਆਇਆ। ਕਈ ਤਾਂ ਰੋਟੀ ਖਾਣ ਤੋਂ ਪਹਿਲਾਂ ਹੀ ਭਮੀਰੀ ਬਣ ਗੇ। ਜਿਹੜੇ ਵਿਚਾਰੇ ਫਸ ਗੇ ਫਿਰ ਉਨ੍ਹਾਂ ਨਾਲ ਹੋਇਆ ਪਿੰਡ ਆਲਿਆਂ ਦਾ ਮੈਚ। ਰਗੜ ਬਾਲੇ ਕੱਢ 'ਤੇ ਬਾਬਾ ਜੰਨ ਦੇ ਕੁੱਟ ਕੁੱਟ ਕੇ। ਕੋਈ ਕਿੱਧਰ ਦੀ ਬਚ ਕੇ ਭੱਜ ਗਿਆ ਕੋਈ ਕਿੱਧਰ ਦੀ। ਅਮਲੀ ਤੋਂ ਫੇਰ ਨਾ ਰਿਹਾ ਗਿਆ ਬੋਲੇ ਬਿਨਾਂ। ਕਹਿੰਦਾ,

ਉੱਥੇ ਤਾਂ ਫਿਰ ਪੁੱਤਾਂ ਨੂੰ ਮਾਵਾਂ ਨੇ ਨ੍ਹੀ ਸਿਆਣਿਆਂ ਹੋਣਾ।

ਤਾਰਾ ਕਹਿੰਦਾ ਪੁੱਤਾਂ ਨੂੰ ਕੀ ? ਉੱਥੇ ਤਾਂ ਜਾਨੀਆਂ ਨੂੰ ਆਵਦੀ ਸਿਆਣ ਨ੍ਹੀ ਆਈ, ਕੁੱਟ ਕੁੱਟ ਕੇ ਬਣਾ 'ਤੇ ਤੂੰਬੇ। ਜੀਹਨੂੰ ਜਿੱਧਰ ਵੀ ਕਿਤੇ ਰਾਹ ਮਿਲਿਆ ਓਧਰ ਦੀ ਹੀ ਉਹ ਭੱਜ ਨਿੱਕਲਿਆ। ਜਿਹੜੇ ਫੜ੍ਹੇ ਗਏ ਉਨ੍ਹਾਂ ਦੀਆਂ ਕੱਢ 'ਤੀਆਂ ਫਿਰ ਚਰੜ ਭੂੰਡੀਆਂ, ਸਭ ਦੇ ਬੁਘਦੂ ਬਲਾ 'ਤੇ। ਬੱਸ ਫੇਰ ਕੁੱਟ ਖਾ ਕੇ ਮਿੰਨਤਾਂ ਕਰ ਕਰ ਖਹਿੜਾ ਛੁਡਵਾਇਆ।

ਬਾਬਾ ਕਹਿੰਦਾ, ਲੱਟਕੀ ਦਾ ਕੀ ਬਣਿਆਂ ਫਿਰ ? ਤੋਰ 'ਤੀ ਸੀ ਜਾਂ ਗੱਲ ਰੌਲ਼ੇ 'ਚ ਈ ਰਹਿ ਗੀ ?

ਨਾਥਾ ਅਮਲੀ ਕਹਿੰਦਾ, ਬਾਬਾ ! ਕੀ ਗੱਲਾਂ ਕਰਦੈਂ ਤੂੰ, ਕੁੜੀ ਤੋਰ ਕੇ ਕੁੱਟ ਖਾਣੀ ਸੀ ਉੱਥੇ ਜਾ ਇਨ੍ਹਾਂ ਨੇ।

ਤਾਰਾ ਕਹਿੰਦਾ, ਲੜਕੀ ਤਾਂ ਉਨ੍ਹਾਂ ਨੇ ਕੀ ਲਿਜਾਣੀ ਸੀ, ਉਹ ਤਾਂ ਆਵਦੀਆਂ ਵੀ ਪੱਗਾਂ ਵੀ ਏਥੇ ਈ ਛੱਡ ਗੇ। ਏਨੇ ਨੂੰ ਖੇਤ ਨੂੰ ਜਾਂਦਾ ਜਾਂਦਾ ਕੇਵਲ ਮਾਸਟਰ ਸੱਥ ਵਿੱਚ ਬੈਠੇ ਤਾਰੇ ਦੇ ਕੰਨ ਵਿੱਚ ਫੂਕ ਮਾਰ ਗਿਆ, ਤਾਰੇ ਸੋਡੇ ਘਰੇ ਪੁਲਿਸ ਪੈ ਗੀ ਓਏ, ਘਰੇ ਨਾ ਜਾਈਂ। ਜਿਹੜੇ ਕੱਲ੍ਹ ਇਕਬਾਲ ਕੇ ਵਿਆਹ 'ਚ ਸੀ ਸਭ ਨੂੰ ਪੁਲਿਸ ਭਾਲਦੀ ਫਿਰਦੀ ਐ ਪਿੰਡ 'ਚ। ਮਾਸਟਰ ਦੀ ਗੱਲ ਸੁਣ ਕੇ ਪੁਲਿਸ ਦੇ ਡਰੋਂ ਸੱਥ 'ਚ ਬੈਠੇ ਸਾਰੇ ਹੀ ਆਪੋ ਆਪਣੇ ਘਰਾਂ ਨੂੰ ਇੰਜ ਭੱਜ ਨਿੱਕਲੇ ਜਿਵੇਂ ਉਨ੍ਹਾਂ ਦੇ ਮਗਰ ਵੀ ਕਿਤੇ ਪੁਲਿਸ ਪੈ ਗਈ ਹੋਵੇ ।

**ਤਿੰਨ ਤਿੰਨ-ਚਾਰ ਚਾਰ ਪਿੰਡ ਆਲਿਆਂ ਨੂੰ ਇੱਕ ਇੱਕ ਜਾਨੀ ਆਇਆ। ਕਈ ਤਾਂ ਰੋਟੀ ਖਾਣ ਤੋਂ ਪਹਿਲਾਂ ਹੀ ਭਮੀਰੀ ਬਣ ਗੇ। ਜਿਹੜੇ ਵਿਚਾਰੇ ਫਸ ਗੇ ਫਿਰ ਉਨ੍ਹਾਂ ਨਾਲ ਹੋਇਆ ਪਿੰਡ ਆਲਿਆਂ ਦਾ ਮੈਚ। ਰਗੜ ਬਾਲੇ ਕੱਢ 'ਤੇ ਬਾਬਾ ਜੰਨ ਦੇ ਕੁੱਟ ਕੁੱਟ ਕੇ। ਕੋਈ ਕਿੱਧਰ ਦੀ ਬਚ ਕੇ ਭੱਜ ਗਿਆ ਕੋਈ ਕਿੱਧਰ ਦੀ। ਅਮਲੀ ਤੋਂ ਫੇਰ ਨਾ ਰਿਹਾ ਗਿਆ ਬੋਲੇ ਬਿਨਾਂ। ਕਹਿੰਦਾ,ਉੱਥੇ ਤਾਂ ਫਿਰ ਪੁੱਤਾਂ ਨੂੰ ਮਾਵਾਂ ਨੇ ਨ੍ਹੀ ਸਿਆਣਿਆਂ ਹੋਣਾ।**

# ਬੁਢਾਪਾ ਆਵੇ ਹੀ ਕਿਉਂ !

- ਗੁਰਸ਼ਰਨ ਸਿੰਘ ਨਰੂਲਾ



ਬੁਢਾਪਾ ਸਭ 'ਤੇ ਆਉਣਾ ਹੈ। ਇਹ ਅਟੱਲ ਸਚਾਈ ਹੈ। ਇਹ ਜੀਵਨ ਦਾ ਹਿੱਸਾ ਹੈ। ਪਹਿਲਾਂ ਬਚਪਨ, ਮਾਪਿਆਂ ਦੇ ਆਸਰੇ, ਫਿਰ ਲੜਕਪਨ, ਖੇਡਣਾ-ਕੁੱਦਣਾ, ਖੁੱਲ੍ਹੇ ਸੁਪਨੇ ਲੈਣੇ, ਜਵਾਨ ਮਨ ਵਿਚ ਅਨੇਕ ਤਰੰਗਾਂ, ਰਗ ਰਗ ਵਿਚ ਜੋਸ਼। ਫਿਰ ਅਧੇੜ ਉਮਰ ਕੀਤੇ ਕੰਮਾਂ 'ਤੇ ਨਜ਼ਰਸਾਨੀ ਕਰਨ ਦਾ ਸੋਚਾਂ ਦਾ ਦੌਰ। ਕੀਤੇ ਨੂੰ ਸੰਭਾਲਣ ਦਾ ਦੌਰ। ਜ਼ਿੰਮੇਵਾਰੀਆਂ ਨਿਭਾਉਣ ਦਾ ਦੌਰ ਤੇ ਅੰਤ ਬੁਢਾਪਾ। ਬੁਢਾਪਾ ਕਦੋਂ ਸ਼ੁਰੂ ਹੋਣਾ ਹੈ, ਇਹ ਤੁਸੀਂ ਆਪ ਤੈਅ ਕਰਨਾ ਹੈ। ਇਹ ਨਿਰਸੰਦੇਹ ਜੀਵਨ ਦਾ ਆਖ਼ਰੀ ਭਾਗ ਹੈ, ਪਰ ਨਿਰਾਰਥਕ ਬਿਲਕੁਲ ਨਹੀਂ। ਇਕ ਕਥਨ ਅਨੁਸਾਰ ਇਹ ਜਵਾਨੀ ਨਾਲੋਂ ਵਾਧੇ ਵਾਲਾ ਹੈ ਕਿਉਂਕਿ ਹਰੇਕ ਬੁੱਢੇ ਆਦਮੀ ਨੇ ਜਵਾਨੀ ਤਾਂ ਵੇਖੀ ਹੈ, ਪਰ ਜਵਾਨ ਨੇ ਬੁਢਾਪਾ ਅਜੇ ਵੇਖਣਾ ਹੈ। ਉਸ ਕੋਲ ਇਹ ਅਨੁਭਵ ਅਜੇ ਨਹੀਂ ਆਇਆ।

ਇਹ ਠੀਕ ਹੈ ਕਿ ਬੁਢਾਪੇ ਵਿਚ ਕੁਝ ਅੰਗ ਢਿੱਲੇ ਪੈ ਜਾਂਦੇ ਹਨ। ਤੁਹਾਡੀ ਸਖ਼ਤ ਕੰਮ ਕਰਨ ਦੀ ਸਮਰੱਥਾ ਘਟ ਜਾਂਦੀ ਹੈ, ਪਰ ਇਸ ਦੇ ਉਲਟ ਜਿਹੜਾ ਗਿਆਨ ਅਤੇ ਸਿਆਣਪ ਤੁਸੀਂ ਗ੍ਰਹਿਣ ਕੀਤੀ ਹੈ, ਉਹ ਤੁਹਾਡੀ ਗੁਆਚ ਚੁੱਕੀ ਜਾਂ ਘਟ ਗਈ ਸਰੀਰਿਕ ਤਾਕਤ ਦਾ ਖੱਪਾ ਪੂਰਾ ਕਰਦੀ ਹੈ। ਤੁਸੀਂ ਕੱਲ੍ਹ ਨਾਲੋਂ ਅੱਜ ਜ਼ਿਆਦਾ ਸੁੱਘੜ ਤੇ ਸਿਆਣੇ ਹੋ। ਬੁੱਢੇ ਹੋ ਕੇ ਤੁਸੀਂ ਸਿਰਫ਼ ਸਰੀਰਿਕ ਬਲ ਦਾ ਕੁਝ ਭਾਗ ਹੀ ਖੋਇਆ ਹੈ। ਅਜੇ ਤੁਹਾਡੀਆਂ ਸਾਰੀਆਂ ਇੰਦਰੀਆਂ ਕੰਮ ਕਰਦੀਆਂ ਹਨ। ਤੁਹਾਡੀਆਂ ਅੱਖਾਂ, ਕੰਨ, ਦਿਮਾਗ਼, ਸੁੰਘਣ ਅਤੇ ਚਖਣ ਸ਼ਕਤੀਆਂ ਅਜੇ ਸਭ ਕਾਇਮ ਹਨ। ਤੁਹਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਤੁਸੀਂਈਉਨ੍ਹਾਂ ਨਾਲੋਂ ਜ਼ਿਆਦਾ ਭਾਗਾਂ ਵਾਲੇ ਹੋ, ਜੋ ਇਨ੍ਹਾਂ ਨੇਮਤਾਂ ਤੋਂ ਵੰਚਿਤ ਹਨ। ਸਿਰਫ਼ ਆਪਣੀ ਇੱਛਾ ਸ਼ਕਤੀ ਕਾਇਮ ਰੱਖੋ, ਤੁਹਾਨੂੰ ਸੁਪਨੇ ਲੈਣ ਤੋਂ ਅਜੇ ਵੀ ਕੋਈ ਨਹੀਂ ਰੋਕਦਾ। ਆਪਣੇ ਤਜਰਬੇ ਪਰਿਵਾਰ ਤੇ ਸੱਜਣਾਂ-ਮਿੱਤਰਾਂ ਨਾਲ ਸਾਂਝੇ ਕਰਨ 'ਤੇ ਵੀ ਕੋਈ ਰੋਕ ਟੋਕ ਨਹੀਂ। ਇਹ ਠੀਕ ਹੈ ਕਿ ਤੁਹਾਡੀਆਂ ਗੱਲਾਂ ਸੁਣਨ ਵਾਲੇ ਵੀ ਚਾਹੀਦੇ ਹਨ। ਜੇ ਤੁਸੀਂ ਉਨ੍ਹਾਂ ਦੀਆਂ ਸੁਣਦੇ ਹੋ ਤਾਂ ਉਹ ਤੁਹਾਡੀਆਂ ਵੀ ਜ਼ਰੂਰ ਸੁਣਨਗੇ। ਇਸ ਤਰ੍ਹਾਂ ਕਰਦੇ ਰਹੋਗੇ ਤਾਂ ਢਹਿੰਦੀਆਂ ਕਲਾਂ ਵਿਚ ਨਹੀਂ ਜਾਓਗੇ। ਮੌਤ ਦਾ ਡਰ ਨਹੀਂ ਸਤਾਏਗਾ। ਸਦਾ ਪ੍ਰਸੰਨ-ਚਿੱਤ ਰਹੋਗੇ। ਲੰਮੀ ਉਮਰ ਤਕ ਜਿਓਗੇ। ਬੁਢਾਪਾ ਤਾਂ ਇਸਤਰੀਆਂ 'ਤੇ ਵੀ ਆਉਂਦਾ ਹੈ, ਪਰ ਉਨ੍ਹਾਂ ਕੋਲ ਗੱਲਾਂ ਸੁਣਨ ਵਾਲੇ ਬਹੁਤ ਹੁੰਦੇ ਹਨ। ਪਰਿਵਾਰ ਅਤੇ ਗਲੀ ਮੁਹੱਲੇ ਦੇ ਲੋਕ ਹੁੰਦੇ ਹਨ। ਦੂਜਾ ਗੁਣ ਜੋ ਉਨ੍ਹਾਂ ਦੇ ਹੱਕ ਵਿਚ ਜਾਂਦਾ ਹੈ, ਉਹ ਹੈ ਉਨ੍ਹਾਂ ਦਾ ਕੰਮ ਵਿਚ ਮਗਨ ਰਹਿਣਾ। ਉਨ੍ਹਾਂ ਕੋਲ ਘਰੇਲੂ ਕੰਮ ਦੀ ਘਾਟ ਨਹੀਂਹੁੰਦੀ। ਉਨ੍ਹਾਂ ਦਾ ਕੰਮ ਉਨ੍ਹਾਂ ਨੂੰ ਨਿਰਾਸ਼ਤਾ ਦੀਆਂ ਗੱਲਾਂ ਸੋਚਣ ਦੀ ਵਿਹਲ ਨਹੀਂ ਦਿੰਦਾ। ਕੰਮ ਦਾ ਰੁਝੇਵਾਂ ਜੀਵਨ ਨੂੰ ਸੰਤੁਲਨ ਰੱਖਣ ਲਈ ਅਤਿ ਜ਼ਰੂਰੀ ਹੈ। ਮਰਦ ਵੀ ਜੇ ਆਪਣੇ ਰੁਝੇਵੇਂ ਦਾ ਪ੍ਰਬੰਧ ਕਰ ਲੈਣ ਤਾਂ ਯਕੀਨੀ ਸਵੈਮਾਣ ਨਾਲ ਜਿਉਣਗੇ ਅਤੇ ਖਿੜੇ ਰਹਿਣਗੇ। ਇਸ ਰੁਝੇਵੇਂ ਲਈ ਉਨ੍ਹਾਂ ਦੇ ਸ਼ੌਕ ਸਹਾਈ ਹੋ ਸਕਦੇ ਹਨ। ਕਿਤਾਬਾਂ ਪੜ੍ਹਨਾ ਬੜਾ ਵਧੀਆ ਸ਼ੌਕ ਹੈ। ਚੰਗੇ ਲੇਖਕਾਂ ਦੀਆਂ ਕਿਤਾਬਾਂ ਪੜ੍ਹਨ ਨਾਲ ਮਨ ਦਾ ਖ਼ਜ਼ਾਨਾ ਖ਼ਾਲੀ ਨਹੀਂ ਹੁੰਦਾ, ਸਦਾ ਭਰਪੂਰ ਰਹਿੰਦਾ ਹੈ। ਇਹ ਅਮੀਰੀ ਤੁਹਾਨੂੰ ਆਪਣੇ ਅਤੇ ਦੂਜੇ ਸਾਥੀਆਂ ਨਾਲ ਸਾਂਝੀ ਕਰਨ 'ਤੇ ਸਵੈਮਾਣ ਬਖ਼ਸ਼ਦੀ ਹੈ। ਤੁਹਾਡੀ ਗੱਲ ਸੁਣੀ ਜਾਂਦੀ ਹੈ। ਇਹ ਬੇਸ਼ਕੀਮਤੀ ਗੱਲ ਹੈ। ਜੇ ਤੁਹਾਨੂੰ ਲਿਖਣ ਦਾ ਸ਼ੌਕ ਹੈ ਤਾਂ ਇਹ ਉਮਰ ਤੁਹਾਨੂੰ ਖੁੱਲ੍ਹਾ ਮੌਕਾ ਪ੍ਰਦਾਨ ਕਰਦੀ ਹੈ। ਖੁੱਲ੍ਹ ਕੇ ਲਿਖੋ। ਇਹ ਵੇਖਣ ਵਿਚ ਆਇਆ ਹੈ ਕਿ ਲੇਖਕ ਤੇ ਚਿੰਤਕ ਲੰਮੀ ਉਮਰ ਭੋਗਦੇ ਹਨ। ਬਾਗ਼ਬਾਨੀ, ਪੌਦਿਆਂ ਦੀ ਦੇਖ-ਭਾਲ ਕਰਨਾ, ਉਨ੍ਹਾਂ ਨੂੰ ਛਾਂਗਣਾ ਤੇ ਪਾਣੀ ਦੇਣਾ ਸ਼ੌਕ ਹੈ। ਸਿਆਣੇ ਲੋਕ ਫੁੱਲਾਂ ਨਾਲ ਗੱਲਾਂ ਕਰਦੇ ਹਨ। ਜੇ ਇਹ ਸ਼ੌਕ ਜਵਾਨੀ ਵੇਲੇ ਤੋਂ ਹੈ ਤਾਂ ਬਹੁਤ ਚੰਗੀ ਗੱਲ ਹੈ, ਵੱਡੀ ਉਮਰ ਵਿਚ ਵੀ ਇਸ ਨੂੰ ਅਪਣਾਇਆ ਜਾ ਸਕਦਾ ਹੈ। ਜਿਹੜੇ ਲੋਕ ਆਰਥਿਕ ਪੱਖ ਤੋਂ ਅਮੀਰ ਹਨ, ਉਨ੍ਹਾਂ ਨੇ ਕਲੱਬ ਜੁਆਇਨ ਕੀਤੇ ਹੋਏ ਹਨ। ਲਗਪਗ ਸਾਰੇ ਸ਼ਹਿਰਾਂ ਵਿਚ ਸੀਨੀਅਰ ਸਿਟੀਜ਼ਨ ਕਲੱਬ ਹਨ। ਉਨ੍ਹਾਂ ਵਿਚ ਜਾਣਾ ਚੰਗਾ ਕਦਮ ਹੈ। ਇਕ ਦੂਜੇ ਨਾਲ ਮਿਲ ਬੈਠ ਕੇ ਦੁਖ-ਸੁਖ ਸਾਂਝੇ ਹੋ ਜਾਂਦੇ ਹਨ। ਮਨ ਹੌਲਾ ਹੋ ਜਾਂਦਾ ਹੈ। ਬਾਹਰਲੇ ਮੁਲਕਾਂ ਵਿਚ ਤਾਂ ਅਜਿਹੇ ਪ੍ਰਬੰਧ ਹਨ ਕਿ ਕਲੱਬ ਵਾਲੇ ਤੁਹਾਨੂੰ ਘਰ ਤੋਂ ਹੀ ਕਲੱਬ ਤਕ ਲੈ ਜਾਂਦੇ ਹਨ।

ਅਜੇ ਤੁਹਾਡੀਆਂ ਸਾਰੀਆਂ ਇੰਦਰੀਆਂ ਕੰਮ ਕਰਦੀਆਂ ਹਨ। ਤੁਹਾਡੀਆਂ ਅੱਖਾਂ, ਕੰਨ, ਦਿਮਾਗ਼, ਸੁੰਘਣ ਅਤੇ ਚਖਣ ਸ਼ਕਤੀਆਂ ਅਜੇ ਸਭ ਕਾਇਮ ਹਨ। ਤੁਹਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਤੁਸੀਂਈਉਨ੍ਹਾਂ ਨਾਲੋਂ ਜ਼ਿਆਦਾ ਭਾਗਾਂ ਵਾਲੇ ਹੋ, ਜੋ ਇਨ੍ਹਾਂ ਨੇਮਤਾਂ ਤੋਂ ਵੰਚਿਤ ਹਨ। ਸਿਰਫ਼ ਆਪਣੀ ਇੱਛਾ ਸ਼ਕਤੀ ਕਾਇਮ ਰੱਖੋ, ਤੁਹਾਨੂੰ ਸੁਪਨੇ ਲੈਣ ਤੋਂ ਅਜੇ ਵੀ ਕੋਈ ਨਹੀਂ ਰੋਕਦਾ। ਆਪਣੇ ਤਜਰਬੇ ਪਰਿਵਾਰ ਤੇ ਸੱਜਣਾਂ-ਮਿੱਤਰਾਂ ਨਾਲ ਸਾਂਝੇ ਕਰਨ 'ਤੇ ਵੀ ਕੋਈ ਰੋਕ ਟੋਕ ਨਹੀਂ। ਇਹ ਠੀਕ ਹੈ ਕਿ ਤੁਹਾਡੀਆਂ ਗੱਲਾਂ ਸੁਣਨ ਵਾਲੇ ਵੀ ਚਾਹੀਦੇ ਹਨ।

ਭਾਰਤ ਵਿਚ ਵੀ ਕਈ ਸ਼ਹਿਰਾਂ ਵਿਚ ਅਜਿਹੇ ਪ੍ਰਬੰਧ ਜ਼ਰੂਰ ਹੋਣਗੇ। ਇਨ੍ਹਾਂ ਦਾ ਫਾਇਦਾ ਉਠਾਓ। ਕੋਈ ਨਵੀਂ ਭਾਸ਼ਾ ਸਿੱਖਣੀ ਜਾਂ ਕੋਈ ਹੋਰ ਹੁਨਰ ਨੂੰ ਸਿੱਖਣਾ ਜਾਂ ਵਿਕਸਤ ਕਰਨਾ ਵੀ ਸੰਭਵ ਹੈ। ਸਿਰਫ਼ ਤੁਹਾਡੀ ਇੱਛਾ ਸ਼ਕਤੀ ਤੇ ਆਤਮ ਬਲ ਹੋਣਾ ਚਾਹੀਦਾ ਹੈ। ਮੇਰੇ ਇਕ ਨੇਵੀ ਤੋਂ ਸੇਵਾ ਮੁਕਤ ਮਿੱਤਰ, ਜੋ ਮੇਰੀ ਉਮਰ (ਭਾਵ 78 ਸਾਲ) ਦੇ ਹਨ, ਨੇ ਇਸ ਉਮਰ ਵਿਚ ਫਰੈਂਚ ਦਾ ਡਿਪਲੋਮਾ ਪ੍ਰਾਪਤ ਕੀਤਾ ਹੈ, ਤਬਲਾ ਵਜਾਉਣਾ ਸਿੱਖਿਆ ਹੈ ਤੇ ਕੰਪਿਊਟਰ 'ਤੇ ਪੰਜਾਬੀ ਦੀ ਟਾਈਪਿੰਗ ਕਰਨੀ ਸਿੱਖੀ ਹੈ। ਇਹ ਸਭ ਉਸਨੇ ਸਿਰਫ਼ ਘਰ ਬੈਠੇ ਹੀ ਕੀਤਾ ਹੈ। ਤਬਲਾ ਵਜਾਉਣ ਲਈ ਉਸ ਨੇ ਇਕ ਤਬਲਾ ਮਾਸਟਰ ਤੋਂ ਸਿਖਲਾਈ ਜ਼ਰੂਰ ਲਈ ਹੈ, ਜੋ ਉਸ ਨੂੰ ਘਰ ਸਿਖਾਉਣ ਆਉਂਦਾ ਸੀ। ਹੁਣ ਉਹ ਆਪਣੀਆਂ ਲਿਖਤਾਂ ਆਪ ਟਾਈਪ ਕਰਦਾ ਹੈ। ਉਸ ਨੂੰ ਪੰਜਾਬੀ, ਅੰਗਰੇਜ਼ੀ, ਹਿੰਦੀ, ਉਰਦੂ ਤੇ ਉੜੀਆ ਭਾਸ਼ਾਵਾਂ ਦਾ ਗਿਆਨ ਪਹਿਲਾਂ ਹੀ ਸੀ, ਹੁਣ ਉਸ ਨੇ ਬੰਗਾਲੀ ਭਾਸ਼ਾ ਆਪਣੀ ਨੂੰਹ ਕੋਲੋਂ ਸਿੱਖ ਲਈ ਹੈ। ਇਹ ਕਰਾਮਾਤ ਸਾਰੀ ਸ਼ੌਕਾਂ ਦੀ ਹੈ। ਇਸ ਲਈ ਆਪਣੇ ਸ਼ੌਕ ਵਧਾਓ।

ਜੇ ਤੁਸੀਂ ਪੜ੍ਹੇ ਲਿਖੇ ਹੋ ਤਾਂ ਤੁਸੀਂ ਗਲੀ-ਮੁਹੱਲੇ ਦੇ ਬੱਚਿਆਂ ਨੂੰ ਮੁਫ਼ਤ ਟਿਊਸ਼ਨ ਦੇ ਸਕਦੇ ਹੋ। ਇਸ ਨਾਲ ਤੁਹਾਡਾ ਮਨ ਲੱਗਾ ਰਹੇਗਾ ਅਤੇ ਬੱਚਿਆਂ ਦਾ ਭਲਾ ਹੋ ਜਾਏਗਾ। 'ਪ੍ਰੀਤਲੜੀ' ਦੇ ਬਾਨੀ ਗੁਰਬਖ਼ਸ਼ ਸਿੰਘ ਦਾ ਇਕ ਲੇਖ ਪੜ੍ਹਿਆ ਸੀ, ਜਿਸ ਵਿਚ ਉਨ੍ਹਾਂ ਨੇ ਸੁਝਾਅ ਦਿੱਤਾ ਸੀ ਕਿ ਘਰੋਂ ਬਾਹਰ ਨਿਕਲੋ, ਤੁਹਾਨੂੰ ਕੋਈ ਰਾਹ ਪੁੱਛਣ ਵਾਲਾ ਮਿਲ ਜਾਏਗਾ। ਕਿਸੇ ਹਸਪਤਾਲ ਦੇ ਬਾਹਰ ਖੜ੍ਹੇ ਹੋ ਜਾਓ ਤੇ ਅਣਜਾਣ ਰਾਹੀਆਂ ਨੂੰ ਗਾਈਡੈਂਸ ਦਿਓ। ਜੇ ਇਹ ਮੁਮਕਿਨ ਨਹੀਂ ਤਾਂ ਤੁਸੀਂ ਪਤਨੀ ਦੀ ਸਬਜ਼ੀ ਕੱਟਣ ਵਿਚ ਸਹਾਇਤਾ ਕਰ ਸਕਦੇ ਹੋ। ਮੰਤਵ ਤਾਂ ਸਿਰਫ਼ ਇਹ ਹੈ ਕਿ ਆਪਣੇ ਆਪ ਨੂੰ ਮਸਰੂਫ਼ ਰੱਖੋ। ਕੰਮ ਦੀ ਚੋਣ ਤੁਹਾਡੀ ਆਪਣੀ ਮਰਜ਼ੀ 'ਤੇ ਨਿਰਭਰ ਕਰਦੀ ਹੈ।ਵਡੇਰੀ ਉਮਰ ਦੇ ਫਾਇਦੇ ਹੀ ਫਾਇਦੇ ਹਨ। ਤੁਹਾਡੇ ਦੁਆਲੇ, ਪੋਤੇ, ਪੋਤੀਆਂ ਖੇਡਦੇ ਹਨ। ਉਨ੍ਹਾਂ ਦੀਆਂ ਪਿਆਰੀਆਂ ਕਿਲਕਾਰੀਆਂ ਸੁਣੋ। ਉਨ੍ਹਾਂ ਦੀ ਤੋਤਲੀ ਜ਼ੁਬਾਨ ਦੀਆਂ ਫਰਮਾਇਸ਼ਾਂ ਪੂਰੀਆਂ ਕਰੋ। ਉਹ ਤੁਹਾਡੇ ਸਜੀਵ ਖਿਡਾਉਣੇ ਹਨ। ਆਪਣੇ ਆਪ ਨੂੰ ਚਿੰਤਾ ਮੁਕਤ ਰੱਖੋ। ਹਮੇਸ਼ਾਂ ਆਪਣੇ ਮਨ ਦੀਆਂ ਤਰੰਗਾਂ ਨੂੰ ਜਵਾਨ ਰੱਖੋ। ਸੁਸਤੀ ਦਾ ਜੀਵਨ ਤਿਆਗੋ। ਇਕ ਥਾਂ 'ਤੇ ਬੈਠੇ ਨਾ ਰਹੋ, ਤੁਰੋ-ਫਿਰੋ। ਆਪਣੀ ਸਮਰੱਥਾ ਮੁਤਾਬਿਕ ਕਸਰਤ ਕਰੋ। ਨਹੀਂ ਤਾਂ ਜਿੰਨੀ ਹੋ ਸਕੇ ਸੈਰ ਕਰੋ। ਜੇ ਬੈਠਣਾ ਹੈ ਤਾਂ ਇਕ-ਅੱਧਾ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਕੋਲ ਰੱਖੋ ਅਤੇ ਉਸ ਨੂੰ ਨਿਰੰਤਰ ਪੜ੍ਹਦੇ ਰਹੋ। ਵਕਤ ਸੋਹਣਾ ਬੀਤ ਜਾਵੇਗਾ। ਹਰ ਸਵੇਰ ਉੱਠਣ ਤੋਂ ਬਾਅਦ ਹਫ਼ੀਜ਼ ਜਲੰਧਰੀ ਦੀ ਕਵਿਤਾ ਨੂੰ ਦੁਹਰਾਉਂਦਿਆਂ ਬੋਲੋ: ਅਭੀ ਤੋਂ ਮੈਂ ਜਵਾਨ ਹੂੰ।




- ਹਰਦੇਵ ਚੌਹਾਨ

ਕਿਸੇ ਛੋਟੇ ਜਿਹੇ ਬੱਚੇ ਨੂੰ ਪੁੱਛਿਆ ਜਾਵੇ ਕਿ ਉਹ ਵੱਡਾ ਹੋ ਕੇ ਕੀ ਬਣਨਾ ਚਾਹੁੰਦਾ ਹੈ ? ਜਵਾਬ 'ਚ ਉਹ ਬੱਚਾ ਆਪਣਾ ਸਿਰ ਸੁੱਟ ਕੇ ਧਿਆਨ ਨੀਵਾਂ ਕਰ ਲਵੇਗਾ। ਇਸ ਦੇ ਉਲਟ ਸੁਲਝੇ ਹੋਏ ਬਾਹਰਲੇ ਮੁਲਕਾਂ ਦੇ ਛੋਟੇ-ਛੋਟੇ ਬੱਚੇ ਵੀ ਆਪਣੇ ਜੀਵਨ ਦਾ ਨਿਸ਼ਾਨਾ ਮਿੱਥ ਚੁੱਕੇ ਹੁੰਦੇ ਹਨ। ਉਹ ਅਧਿਆਪਕ, ਡਾਕਟਰ, ਫਿਲਮਸਾਜ਼, ਐਨੀਮੇਟਰ, ਪੁਲਿਸ ਅਫਸਰ ਤੇ ਪਾਇਲਟ ਆਦਿ ਬਣਨ ਲਈ ਲੋੜੀਂਦੀ ਪੜ੍ਹਾਈ ਸ਼ੁਰੂ ਕਰ ਕੇ ਅੰਤ ਨੂੰ ਆਪਣਾ ਮਨਚਾਹਿਆ ਜੀਵਨ ਟੀਚਾ ਪ੍ਰਾਪਤ ਕਰ ਲੈਂਦੇ ਹਨ।

ਮਾਂ-ਬਾਪ ਤੇ ਮੌਜੂਦਾ ਵਾਤਾਵਰਨ ਬੱਚੇ ਦੀਆਂ ਆਦਤਾਂ ਸੁਆਰਨ ਤੇ ਵਿਗਾੜਨ 'ਚ ਬੜੇ ਸਹਾਈ ਹੁੰਦੇ ਹਨ। ਦੇਖੋ-ਦੇਖੀ ਇਕ ਸ਼ਰਾਬੀ ਪਿਓ ਦਾ ਬੱਚਾ ਪਾਣੀ ਵੀ ਸ਼ਰਾਬ ਵਾਂਗ ਪੀਂਦਾ ਹੈ, ਉਹ ਸ਼ਰਾਬੀਆਂ ਵਾਂਗ ਜ਼ਮੀਨ 'ਤੇ ਲਿਟਦਾ ਹੈ। ਮਾਂ-ਬਾਪ ਉਸ ਦੀ ਐਕਟਿੰਗ ਵੇਖ ਕੇ ਖ਼ੁਸ਼ ਹੁੰਦੇ ਹਨ। ਬੱਚੇ ਨੇ ਇਹ ਸਾਰਾ ਕੁਝ ਆਪਣੇ ਬਾਪ ਤੋਂ ਸਿੱਖਿਆ ਹੁੰਦਾ ਹੈ। ਇਸ ਲਈ ਉਹ ਸ਼ਰਾਬੀਆਂ ਵਾਲੇ ਖੇਖਣ ਕਰਦਾ ਹੈ। ਬੱਚਾ ਤਾਂ ਬੱਚਾ ਹੁੰਦਾ ਹੈ। ਉਸ ਨੂੰ ਜ਼ਹਿਰ ਵਰਗੀ ਸ਼ਰਾਬ ਦੇ ਭਿਆਨਕ ਨਤੀਜਿਆਂ ਦਾ ਪਤਾ ਨਹੀਂ ਹੁੰਦਾ। ਉਸ ਨੂੰ ਪਤਾ ਨਹੀਂ ਹੁੰਦਾ ਕਿ ਸ਼ਰਾਬ ਪੀਣ ਨਾਲ ਘਰਾਂ ਦੇ ਘਰ ਬਰਬਾਦ ਹੋ ਜਾਂਦੇ ਹਨ। ਜੇ ਬੱਚੇ ਨੂੰ ਸਮਝਾਇਆ ਜਾਵੇ ਕਿ ਗੰਦ 'ਚ ਲਿਟਣ ਵਾਲੇ ਸੂਰ ਤੇ ਸ਼ਰਾਬੀ 'ਚ ਕੋਈ ਖ਼ਾਸ ਫ਼ਰਕ ਨਹੀਂ ਹੁੰਦਾ ਤਾਂ ਬੱਚਾ ਆਪਣੇ ਬਚਪਨ 'ਚ ਹੀ ਸ਼ਰਾਬੀਪੁਣੇ ਨੂੰ ਹਮੇਸ਼ਾਲਈ ਤਿਆਗ ਸਕਦਾ ਹੈ।

ਘਰ-ਘਰ 'ਚ ਸਮਾਰਟਫੋਨ, ਟੀਵੀ ਤੇ ਲੈਪਟਾਪ ਆ ਗਏ ਹਨ। ਬੱਚੇ ਪੜ੍ਹਾਈ ਨਾਲੋਂ ਜ਼ਿਆਦਾ ਇਨ੍ਹਾਂ ਉਪਕਰਨਾਂ ਨੂੰ ਜ਼ਰੂਰੀ ਸਮਝਣ ਲੱਗ ਪਏ ਹਨ। ਉਹ ਲੱਚਰ ਸਮੱਗਰੀ, ਡਰਾਮੇ, ਮਾਰੂ ਖੇਡਾਂ ਤੇ ਫਿਲਮਾਂ ਨੂੰ ਬੜੇ ਗਹੁ ਨਾਲ ਦੇਖਦੇ ਹਨ। ਸਿਗਰਟ ਪੀਂਦੇ ਹੀਰੋ ਤੋਂ ਪ੍ਰਭਾਵਿਤ ਹੋ ਕੇ ਉਹ ਵੀ ਖ਼ਾਲੀ ਕਾਗਜ਼ ਦੀ ਸਿਗਰਟ ਸੁਲਘਾ ਕੇ ਪੀਂਦੇ ਹਨ। ਉਹ ਨਕਲੀ ਧੂੰਏਂ ਦੇ ਗੁਬਾਰੇ ਬਣਾਉਂਦੇ ਹਨ ਤੇ ਬੜੇ ਖ਼ੁਸ਼ ਹੁੰਦੇ ਹਨ। ਕਾਗਜ਼ ਦੀ ਸਿਗਰਟ ਤੋਂ ਬਾਅਦ ਉਹ ਸੱਚਮੁੱਚ ਦੀ ਸਿਗਰਟ ਪੀਣਾ ਲੋਚਦੇ ਹਨ। ਇਧਰੋਂ-ਉਧਰੋਂ ਪੈਸੇ ਚੁਰਾ ਕੇ ਉਹ ਚੋਰੀ ਛਿਪੇ ਸਿਗਰਟ, ਬੀੜੀ ਪੀਂਦੇ ਹਨ। ਉਨ੍ਹਾਂ ਵਿਚਾਰਿਆਂ ਨੂੰ ਸਿਗਰਟ, ਬੀੜੀ ਤੇ ਹੋਰ ਨਸ਼ਿਆਂ ਦੇ ਮਾਰੂ ਨਤੀਜਿਆਂ ਦਾ ਗਿਆਨ ਨਹੀਂ ਹੁੰਦਾ। ਸਿਗਰਟ ਤੇ ਹੋਰ ਨਸ਼ੇ ਸਾਡੇ ਸਾਹ-ਪ੍ਰਬੰਧ ਨੂੰ ਤਹਿਸ-ਨਹਿਸ ਕਰ ਦਿੰਦੇ ਹਨ। ਸਾਹ-ਰੋਗ, ਫੇਫੜਿਆਂ ਦਾ ਕੈਂਸਰ ਤੇ ਦੰਦਾਂ ਦਾ ਖ਼ਰਾਬ ਹੋਣਾ ਤੰਬਾਕੂ ਪੀਣ ਦਾ ਹੀ ਸਿੱਟਾ ਹੁੰਦਾ ਹੈ। ਘਰ 'ਚ ਮਾਪੇ, ਸਕੂਲ 'ਚ ਅਧਿਆਪਕ ਤੇ ਸਮਾਜ 'ਚ ਵੱਡ-ਵਡੇਰੇ ਜੇ ਚਾਹੁਣ ਤਾਂ ਬੱਚਿਆਂ ਨੂੰ ਇਹ ਸਾਰਾ ਕੁਝ ਬੜੀ ਆਸਾਨੀ ਨਾਲ ਸਮਝਾ ਸਕਦੇ ਹਨ।

ਬੱਚੇ ਮਾੜੀਆਂ ਆਦਤਾਂ ਦੇ ਨਾਲ-ਨਾਲ ਚੰਗੀਆਂ ਆਦਤਾਂ ਦਾ ਪ੍ਰਗਟਾਵਾ ਵੀ ਕਰਦੇ ਹਨ। ਬਿਮਾਰ ਮਾਂ ਦੇ ਕੋਲ ਬੈਠਾ ਹੋਇਆ ਇਕ ਬੱਚਾ ਤੀਲੇ ਦਾ ਟੀਕਾ ਬਣਾ ਕੇ ਆਪਣੀ ਮਾਂ ਨੂੰ ਲਗਾਉਂਦਾ ਹੈ। ਇਹ ਵਿਹਾਰ ਬੱਚੇ ਦੀਆਂ ਡਾਕਟਰ ਬਣਨ ਵਾਲੀਆਂ ਰੁਚੀਆਂ ਨੂੰ ਪ੍ਰਗਟਾਉਂਦਾ ਹੈ। ਅਜਿਹੇ ਬੱਚੇ ਨੂੰ ਸਿਹਤ ਵਿਗਿਆਨ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਇਕ ਦਿਨ ਉਹ ਜ਼ਰੂਰ ਡਾਕਟਰ ਬਣ ਸਕਦਾ ਹੈ।

ਘਰ 'ਚ ਪੜ੍ਹਾਈ-ਲਿਖਾਈ ਦਾ ਮਾਹੌਲ ਬੱਚੇ ਨੂੰ ਸਿਆਣਾ ਬਣਨ ਦੀ ਪ੍ਰੇਰਨਾ ਦਿੰਦਾ ਹੈ। ਅਜਿਹੇ ਘਰ 'ਚ ਛੋਟਾ ਜਿਹਾ ਬੱਚਾ ਨਿੱਕੀ ਜਿਹੀ ਸੋਟੀ ਫੜ ਕੇ ਆਪਣੇ ਵੱਡੇ ਭਰਾ ਨੂੰ ਹੋਮਵਰਕ ਕਰਨ ਲਈ ਕਹਿੰਦਾ ਹੈ। ਸੁੱਤੀ ਹੋਈ ਭੈਣ ਨੂੰ ਜਗਾਉਣ ਵਾਲਾ ਕੋਈ ਬੱਚਾ ਜਦੋਂ ਇਹ ਕਹਿੰਦਾ ਹੈ ਕਿ ਦੀਦੀ! ਘੜੀ ਦਾ ਅਲਾਰਮ ਵੱਜ ਚੁੱਕਾ ਹੈ, ਸਕੂਲ ਜਾਣ ਦੀ ਤਿਆਰੀ ਕਰ ਤਾਂ ਉਹ ਬੱਚਾ ਸਮੇਂ ਦੀ ਮਹਾਨਤਾ ਨੂੰ ਸਮਝਣ ਦੇ ਕਾਬਲ ਹੁੰਦਾ ਹੈ। ਅਜਿਹੇ ਬੱਚੇ ਸੁਚੱਜੀ ਅਗਵਾਈ ਨਾਲ ਇਕ ਦਿਨ ਸਮੇਂ ਦੇ ਪਾਬੰਦ ਹੋ ਕੇ ਮਹਾਨ ਨਾਗਰਿਕ ਬਣਨ ਦੇ ਯੋਗ ਹੋ ਜਾਂਦੇ ਹਨ।

ਕਈ ਬੱਚੇ, ਰੋਟੀਆਂ ਪਕਾ ਰਹੀ ਅੰਮੀ ਕੋਲੋਂ ਆਟਾ ਲੈ ਕੇ ਗੱਡੀ ਦਾ ਇੰਜਣ ਬਣਾਉਂਦੇ ਹਨ। ਅਜਿਹੇ ਬੱਚੇ ਮਸ਼ੀਨਰੀ ਵੱਲ ਰੁਚਿਤ ਹੁੰਦੇ ਹਨ। ਇਨ੍ਹਾਂ ਬੱਚਿਆਂ ਨੂੰ ਕਲਪੁਰਜ਼ੇ ਤੇ ਮਸ਼ੀਨਾਂ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਇਹ ਬੱਚੇ ਅੱਗੇ ਚੱਲ ਕੇ ਇੰਜੀਨੀਅਰ ਬਣ ਸਕਦੇ ਹਨ।

ਛੋਟੇ ਬੱਚੇ ਆਪਣੇ ਵੱਡੇ ਭੈਣ-ਭਰਾਵਾਂ ਦੇ ਬਸਤਿਆਂ ਵਿਚੋਂ ਪੈੱਨ-ਪੈਨਸਿਲਾਂ ਕੱਢ ਕੇ ਆਪਣੀ ਕਲਾ ਦੀ ਰੁਚੀ ਦਾ ਪ੍ਰਗਟਾਵਾ ਕਰਨ ਲਈ ਕੰਧਾਂ, ਫਰਸ਼, ਸਿਰਹਾਣੇ ਤੇ ਚਾਦਰਾਂ 'ਤੇ ਇੱਲ-ਬਤੌੜੇ ਝਰੀਟ ਦਿੰਦੇ ਹਨ। ਅਜਿਹਾ ਕਰਨ 'ਤੇ ਮਾਂ-ਪਿਓ ਬੱਚਿਆਂ ਨੂੰ ਪਿਆਰਨ, ਦੁਲਾਰਨ ਦੀ ਥਾਂ ਝਿੜਕਦੇ ਹਨ। ਇਸ ਵਰਤਾਰੇ ਨਾਲ ਬੱਚਿਆਂ ਦੇ ਕੋਮਲ ਮਨਾਂ 'ਚ ਡਰ ਪੈਦਾ ਹੋ ਜਾਂਦਾ ਹੈ। ਇਸ ਦੇ ਉਲਟ ਕੰਧਾਂ, ਕੱਪੜਿਆਂ 'ਤੇ ਲਕੀਰਾਂ ਮਾਰਨ ਵਾਲੇ ਬੱਚੇ ਨੂੰ ਇਕ ਸਲੇਟ ਜਾਂ ਕਾਪੀ ਤੇ ਰੰਗੀਨ ਪੈਨਸਿਲ ਲੈ ਦਿਓ। ਫੇਰ ਦੇਖੋ, ਉਹ ਬੱਚਾ ਚਾਈਂ-ਚਾਈਂ ਕਿਵੇਂ ਲਿਖਣਾ-ਪੜ੍ਹਨਾ ਸਿਖਦਾ ਹੈ ਤੇ ਕਿਵੇਂ ਆਪਣੇ ਅੰਦਰ ਲੁਕੀ ਕਲਾ ਨੂੰ ਨਿਖਾਰਨ ਲਈ ਯਤਨਸ਼ੀਲ ਹੁੰਦਾ ਹੈ। ਸ਼ੁਰੂ ਤੋਂ ਹੀ ਲਿਖਣ-ਪੜ੍ਹਨ ਵਲ ਰੁਚਿਤ ਕੀਤੇ ਹੋਏ ਬੱਚੇ ਹੀ ਅੱਗੇ ਚੱਲ ਕੇ ਦੇਸ਼ ਦੀ ਉਸਾਰੀ ਕਰਨ ਲਈ ਵਧ-ਚੜ੍ਹ ਕੇ ਹਿੱਸੇਦਾਰ ਬਣਦੇ ਹਨ। ਰਾਕੇਟ, ਮਿਜ਼ਾਈਲਾਂ ਤੇ ਸੈਟੇਲਾਈਟਾਂ 'ਚ ਪਹਿਲਾਂ ਤੋਂ ਹੀ ਨਿਸ਼ਚਿਤ ਸਮਾਂ ਸਾਰਣੀ ਵਾਲੇ ਯੰਤਰ ਤੇ ਕਲਪੁਰਜ਼ੇ ਫਿੱਟ ਕਰ ਦਿੱਤੇ ਜਾਂਦੇ ਹਨ, ਜੋ ਅਜਿਹੇ ਯੰਤਰਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਵਿਚ ਸਹਾਈ ਹੁੰਦੇ ਹਨ। ਕੀ ਮਜ਼ਾਲ ਇਹ ਮਸ਼ੀਨਾਂ ਆਪਣੇ ਮਿੱਥੇ ਹੋਏ ਨਿਸ਼ਾਨੇ ਤੋਂ ਰਤੀ ਭਰ ਵੀ ਇਧਰ-ਉਧਰ ਹੋ ਜਾਣ। ਇਨ੍ਹਾਂ ਮਸ਼ੀਨਾਂ ਵਾਂਗ ਅੱਜ ਦੇ ਬੱਚੇ ਤੇ ਕੱਲ੍ਹ ਦੇ ਵਾਰਿਸਾਂ ਨੂੰ ਚੰਗੇਰੇ ਵਾਤਾਵਰਨ 'ਚ ਸੁਚੱਜੀਆਂ ਆਦਤਾਂ ਸਿਖਾ ਕੇ ਬੜ ਸਿਆਣੇ ਤੇ ਜ਼ਿੰਮੇਵਾਰ ਮਨੁੱਖ ਵੀ ਬਣਾਇਆ ਜਾ ਸਕਦਾ ਹੈ। ਆਪਣੇ ਜੀਵਨ ਦੇ ਨਿਸ਼ਾਨੇ ਪ੍ਰਤੀ ਸੁਚੇਤ ਬੱਚੇ ਕਦਮ-ਬ-ਕਦਮ ਆਪਣੀ ਮਿੱਥੀ ਹੋਈ ਮੰਜ਼ਿਲ 'ਤੇ ਪਹੁੰਚ ਹੀ ਜਾਂਦੇ ਹਨ।

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਖ਼ਿਮਾਂ ਜਾਚਨਾ ਦਾ ਕੱਚ-ਸੱਚ

**ਕਮਲਜੀਤ ਸਿੰਘ ਬਨਵੈਤ**

**ਸ਼੍ਰੋਮਣੀ ਅਕਾਲੀ ਦਲ ਜਿੰਨਾ ਕਮਜ਼ੋਰ ਹੁਣ ਪਿਆ ਹੈ, ਇੰਨਾ ਪਹਿਲਾਂ ਕਦੇ ਨਹੀਂ ਸੀ ਪਿਆ । ਅਕਾਲੀ ਦਲ ਦੀਆਂ ਇੱਕ ਤਰ੍ਹਾਂ ਨਾਲ ਜੜ੍ਹਾਂ ਖੋਖਲੀਆਂ ਹੋ ਗਈਆਂ ਹਨ। ਹਾਲ ਦੀ ਘੜੀ ਇਹ ਲਾ ਇਲਾਜ ਬਿਮਾਰੀ ਦਾ ਸ਼ਿਕਾਰ ਲੱਗਦਾ ਹੈ । ਜਦੋਂ ਤੱਕ ਅਕਾਲੀ ਦਲ ਸੱਤਾ ਦੀ ਲਾਲਸਾ ਛੱਡ ਕੇ ਪੰਜਾਬ ਲਈ ਹਿੱਕ ਡਾਹ ਕੇ ਨਹੀਂ ਖੜਦਾ ਉਦੋਂ ਤੱਕ ਲੋਕਾਂ ਨੇ ਗਲ ਨਾਲ ਨਹੀਂ ਲਾਉਣਾ । ਬਿਨਾਂ ਸ਼ੱਕ ਸੁਖਬੀਰ ਵਿਰੋਧੀ ਧੜਾ ਇੱਕ ਚੰਗੀ ਪਹਿਲ ਕਰਨ ਲਈ ਤੁਰਿਆ ਹੈ ਪਰ ਹਾਲ ਦੀ ਘੜੀ ਇਹਨਾਂ ਤੋਂ ਵੀ ਕੋਈ ਉਮੀਦ ਦੀ ਕਿਰਨ ਨਜ਼ਰ ਨਹੀਂ ਆ ਰਹੀ ਹੈ । ਝੂੰਦਾ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰ ਵੀ ਦਿੱਤੀਆਂ ਜਾਣ ਤਦ ਵੀ ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਦੇ ਲੋਕਾਂ ਨਾਲ ਨੇੜਤਾ ਵਧਣ ਵਾਲੇ ਨਹੀਂ ਹੈ। ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਤੋਂ ਸੰਘੀ ਢਾਂਚੇ ਲਈ ਲੜਾਈ ਵਿੱਢਣ ਦੀ ਉਮੀਦ ਰੱਖਦੇ ਹਨ । ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਪ੍ਰਾਪਤੀ ਲਈ ਜਿੱਤ ਤੱਕ ਲੜਿਆ ਜਾਣ ਵਾਲੇ ਸੰਘਰਸ਼ ਦੀ ਸਿੱਕ ਦਿਲ ਵਿੱਚ ਪਲੋਸ ਰਹੇ ਹਨ ।**

ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਪਹਿਲਾਂ ਨਾਲੋਂ ਲਗਾਤਾਰ ਗੁੰਝਲਦਾਰ ਹੋ ਰਹੀ ਹੈ । ਦੋ ਦਿਨ ਪਹਿਲਾਂ ਦੋਹਾਂ ਧਿਰਾਂ ਵਿੱਚ ਸੁਲਾਹ ਸਫਾਈ ਦੀਆਂ ਕੰਨਸੋਆਂ ਕੰਨੀ ਪੈਣ ਲੱਗੀਆਂ ਸਨ ਪਰ ਹੁਣ ਸਮਝੌਤੇ ਦੀ ਗਾਦ ਬੈਠ ਗਈ ਲੱਗਦੀ ਹੈ । ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਵਿਰੋਧੀ ਖੇਮਾ ਅੱਜ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਖਿਮਾਂ ਜਾਚਨਾ ਦਾ ਪੱਤਰ ਦੇ ਕੇ ਆਪਣੇ ਆਪ ਨੂੰ ਸੁਰਖਰੂ ਹੋਣ ਦਾ ਧਰਵਾਸ ਦੇ ਰਿਹਾ ਹੈ । ਦੂਜੇ ਬੰਨੇ ਸੁਖਬੀਰ ਸਿੰਘ ਬਾਦਲ ਸ਼ਕਤੀ ਪ੍ਰਦਰਸ਼ਨ ਕਰਕੇ ਆਪਣੇ ਆਪ ਨੂੰ ਸਰਬ ਪ੍ਰਵਾਨਿਤ ਦੇ ਲੀਡਰ ਹੋਣ ਦਾ ਭਰਮ ਪਾਲਣ ਲੱਗੇ ਹਨ । ਵਿਰੋਧੀ ਖੇਮੇ ਦੇ ਮੂਹਰਲੀ ਕਤਾਰ ਦੇ ਲੀਡਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਹੋ ਕੇ ਭੁੱਲਾਂ ਬਖਸ਼ਾਉਣ ਲਈ ਅਰਦਾਸ ਕੀਤੀ ਅਤੇ ਉਹ ਹੁਣ ਪੰਜਾਬ ਬਚਾਉਣ ਲਈ ਲੋਕਾਂ ਵਿੱਚ ਨਿਕਲਣਗੇ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਅਕਾਲੀ ਦਲ ਵਿਚਲੇ ਵਿਰੋਧੀ ਖੇਮੇ ਤੋਂ ਪੱਤਰ ਲੈ ਕੇ ਛੇਤੀ ਹੀ ਕੋਈ ਫੈਸਲਾ ਦੇਣ ਦਾ ਭਰੋਸਾ ਦਿੱਤਾ ਹੈ। ਵਿਰੋਧੀ ਖੇਮੇ ਵੱਲੋਂ ਭੁੱਲਾ ਅਤੇ ਗਲਤੀਆਂ ਬਖਸ਼ਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਵਿਧੀ ਅਨੁਸਾਰ ਪੱਤਰ ਦਿੱਤਾ ਗਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੀ ਵਿਧੀ ਅਨੁਸਾਰ ਭੁੱਲਾਂ ਬਖਸ਼ਾਉਣ ਲਈ ਤੁਹਾਨੂੰ ਪੱਤਰ ਵਿੱਚ ਉਹਨਾਂ ਗੁਨਾਹਾਂ ਦਾ ਜ਼ਿਕਰ ਕਰਨਾ ਪੈਂਦਾ ਹੈ, ਜਿਨ੍ਹਾਂ ਦੀ ਮੁਆਫੀ ਮੰਗੀ ਜਾਂਦੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਵਿਰੋਧੀ ਖੇਮੇ ਵੱਲੋਂ ਜਿਹੜਾ ਅੱਜ ਪੱਤਰ ਦਿੱਤਾ ਗਿਆ ਹੈ ਕੀ ਉਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੁਆਫੀ ਮੰਗਣ ਲਈ ਮੁਕੰਮਲ ਸਮਝਿਆ ਜਾਣਾ ਬਣਦਾ ਹੈ। ਜੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਹੋ ਕੇ ਗੁਨਾਹਾਂ ਲਈ ਮੰਗੀ ਮੁਆਫੀ ਅਧੂਰੀ ਸੀ ਤਦ ਸਾਡੀ ਜਾਚੇ ਅੱਜ ਇਹ ਦਿੱਤਾ ਗਿਆ ਪੱਤਰ ਵੀ ਵਿਧੀ ਅਨੁਸਾਰ ਨਹੀਂ ਮੰਨਿਆ ਜਾਣਾ ਬਣਦਾ ਹੈ।ਜਿਹੜੀਆਂ ਭੁੱਲਾਂ ਸ਼੍ਰੋਮਣੀ ਅਕਾਲੀ ਦਲ ਆਪਣੇ ਪੱਧਰ 'ਤੇ ਮਹਿਸੂਸ ਕਰਨ ਲੱਗਾ ਹੈ ਜਾਂ ਲੋਕਾਂ






ਨੇ ਸਿਆਸੀ ਹਾਸੀ ਤੋਂ ਬਾਹਰ ਤੱਕ ਕੇ ਉਹਨਾਂ ਨੂੰ ਜਿਨ੍ਹਾਂ ਗੁਨਾਹਾਂ ਦਾ ਅਹਿਸਾਸ ਕਰਵਾਇਆ ਹੈ ਉਹਨਾਂ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ, ਬਹਿਬਲ ਕਲਾਂ ਗੋਲੀ ਕਾਂਡ ਵਿਸ਼ੇਸ਼ ਹਨ । ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਮੁਆਫੀ ਦੇਣ ਤਾਂ ਮੁੱਦਾ ਵੀ ਇਹਨਾਂ ਗੁਨਾਹਾਂ ਤੋਂ ਘੱਟ ਅਹਿਮ ਨਹੀਂ ਹੈ । ਸਾਡੇ ਚੇਤਿਆਂ ਵਿੱਚੋਂ ਹਾਲੇ ਇਹ ਨਹੀਂ ਵਿਸਰਿਆ ਕਿ ਉਸ ਵੇਲੇ ਦੇ ਸ਼੍ਰੀ ਅਕਾਲ ਤਖਤ ਸਾਹਿਬ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਰਾਮ ਰਹੀਮ ਨੂੰ ਮੁਆਫੀ ਦਿੱਤੀ ਸੀ। ਮੁਆਫੀ ਲਈ ਅਖਬਾਰਾਂ ਵਿੱਚ ਸ਼ਲਾਘਾ ਦੇ ਇਸ਼ਤਿਹਾਰ 90 ਲੱਖ ਰੁਪਏ ਤੋਂ ਵੱਧ ਰਕਮ ਖਰਚ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੇ ਗਏ ਸਨ । ਸੁਖਦੇਵ ਸਿੰਘ ਢੀਂਡਸਾ ਜਿਹੜੇ ਦੂਜੀ ਵਾਰ ਸੁਖਬੀਰ ਸਿੰਘ ਬਾਦਲ ਤੋਂ ਦੂਰੀ ਬਣਾ ਕੇ ਤੁਰਨ ਲੱਗੇ ਹਨ ਨੇ ਪ੍ਰੋਫੈਸਰ ਪਰੇਮ ਸਿੰਘ ਚੰਦੂਮਾਜਰਾ ਉੱਤੇ ਰਾਮ ਰਹੀਮ ਤੱਕ ਉਹ ਡਰੈਸ ਪਹੁੰਚਾਉਣ ਦਾ ਦੋਸ਼ ਲਾਇਆ ਸੀ, ਜਿਸ ਨੂੰ ਪਹਿਨ ਕੇ ਉਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਵਿਰੋਧੀ ਖੇਮੇ ਵੱਲੋਂ ਜਿਹੜਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਸੌਂਪਿਆ ਗਿਆ ਹੈ ਚਾਹੇ ਉਸ ਦੀ ਵਿਸਥਾਰਤ ਜਾਣਕਾਰੀ ਸਾਡੇ ਕੋਲ ਨਹੀਂ ਪੁੱਜੀ ਪਰ ਕੀ ਇਸ ਪੱਤਰ ਵਿੱਚ ਪ੍ਰੋਫੈਸਰ ਚੰਦੂਮਾਜਰਾ ਉੱਤੇ ਲੱਗਦੇ ਗੁਨਾਹਾਂ ਦਾ ਜ਼ਿਕਰ ਹੈ ਜਾਂ ਫਿਰ ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਉਸ ਸਮੇਂ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਗੁਨਾਹਾਂ ਲਈ ਖਿਮਾਂ ਜਾਚਨਾ ਕਰ ਰਹੇ ਹਨ । ਜੇ ਨਹੀਂ ਤਾਂ ਇਸ ਦਾ ਮਤਲਬ ਖਿਮਾਂ ਜਾਚਨਾ ਦੀ ਵਿਧੀ ਨੂੰ ਪੂਰੇ ਸੂਰੇ ਵਜੋਂ ਨਹੀਂ ਮੰਨਿਆ ਜਾਣਾ ਬਣਦਾ ਹੈ। ਦੂਜੇ ਬੰਨੇ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਵਰਕਿੰਗ ਕਮੇਟੀ ਦੀ ਮੀਟਿੰਗ ਸੱਦ ਕੇ ਆਪਣੇ ਹੱਕ ਵਿੱਚ ਵਾਹਵਾ ਦੇ ਨਾਰੇ ਲਗਵਾਏ ਸਨ । ਉਸ ਤੋਂ ਦੋ ਦਿਨ ਬਾਅਦ ਅਕਾਲੀ ਦਲ ਦੇ ਯੂਥ ਵਿੰਗ ਵੱਲੋਂ ਪ੍ਰਧਾਨ ਦੀ ਬੱਲੇ ਬੱਲੇ ਕੀਤੀ ਗਈ । ਹੁਣ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਵਾਰੀ ਹੈ। ਉਸ ਤੋਂ ਬਾਅਦ ਅਕਾਲੀ ਦਲ ਦੇ ਪੱਛੜੀਆਂ ਸ਼੍ਰੇਣੀਆਂ ਵਿੰਗ ਅਤੇ ਅਨੁਸੂਚਿਤ ਜਾਤੀਆਂ ਨੂੰ ਸੱਦ ਕੇ ਤਾਕਤ ਦਾ ਪ੍ਰਦਰਸ਼ਨ ਕੀਤਾ ਜਾਵੇਗਾ । ਜਦੋਂ ਦੋ ਧਿਰਾਂ ਆਪਸ ਵਿੱਚ ਉਲਝ ਜਾਣ ਤਾਂ ਇਹੋ ਜਿਹੀਆਂ ਰਣਨੀਤੀਆਂ ਅਪਣਾਉਣਾ ਕੁਦਰਤੀ ਹੈ । ਘੱਟ ਕੋਈ ਵੀ ਧਿਰ ਨਹੀਂ ਕਰ ਰਹੀ ਹੈ । ਸੁਖਬੀਰ ਦੇ ਵਿਰੋਧੀ ਖੇਮੇ ਦਾ ਇਹ ਕਹਿਣਾ ਕਿ ਉਹ ਲੰਮਾ ਸਮਾਂ ਮੂਕ ਦਰਸ਼ਕ ਬਣ ਕੇ ਦੇਖਦੇ ਰਹੇ ਇਸ ਨਾਲ ਉਹ ਦੋਸ਼ ਮੁਕਤ ਨਹੀਂ ਹੋ ਜਾਂਦੇ ਹਨ। ਇਕਬਾਲ ਸਿੰਘ ਝੂੰਦਾ ਦੀ ਅਗਵਾਈ ਹੇਠ ਬਣੀ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਲਈ ਇਹ ਲੀਡਰ ਦੋ ਸਾਲ ਪਹਿਲਾਂ ਕਿਉਂ ਨਹੀਂ ਜਾਗੇ । ਹੋਰ ਤਾਂ ਹੋਰ ਆਮ ਚੋਣਾਂ ਹਾਰਨ ਤੋਂ ਬਾਅਦ ਵੀ ਸੱਦੀ ਕੋਰ ਕਮੇਟੀ ਵਿੱਚ ਇਹਨਾਂ ਨੇ ਆਪਣੀ ਜ਼ੁਬਾਨ ਬੰਦ ਰੱਖੀ । ਸ਼੍ਰੋਮਣੀ ਅਕਾਲੀ ਦਲ ਦੇ ਹਾਸ਼ੀਏ 'ਤੇ ਜਾਣ ਜਾਣ ਲਈ ਕੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਇਕੱਲੇ ਤੌਰ 'ਤੇ ਦੋਸ਼ੀ ਮੰਨ ਲੈਣਾ ਚਾਹੀਦਾ ਹੈ ਜਾਂ ਪਾਰਟੀ ਦੀ ਸਮੁੱਚੀ ਕਾਰਜਕਾਰੀ ਉਸ ਦੀ ਚੜ੍ਹਾਈ ਜਾਂ ਫਿਰ ਪੱਤਣ ਦਾ ਕਾਰਨ ਬਣਦੀ ਹੈ ? ਸੁਖਬੀਰ ਉੱਤੇ ਪਰਿਵਾਰਵਾਦ ਦੇ ਜਿਹੜੇ ਦੋਸ਼ ਲੱਗਦੇ ਹਨ, ਉਹਨਾਂ ਇਲਜ਼ਾਮਾਂ ਤੋਂ ਵਿਰੋਧੀ ਖੇਮੇ ਦੇ ਲੀਡਰ ਵੀ ਮੁਕਤ ਨਹੀਂ ਕੀਤੇ ਜਾ ਸਕਦੇ। ਅਕਾਲੀ ਦਲ ਦੇ ਸੀਨੀਅਰ ਨੇਤਾ ਸਿਕੰਦਰ ਸਿੰਘ ਮਲੂਕਾ ਨੇ ਵੀ ਤਾਂ ਇਸੇ ਕਰਕੇ ਵੱਟ ਖਾਧਾ ਸੀ ਕਿ ਉਹਨਾਂ ਦੇ ਪੁੱਤਰ ਗੁਰਪ੍ਰੀਤ ਸਿੰਘ ਮਲੂਕਾ ਦੀ ਥਾਂ 'ਤੇ ਕਿਸੇ ਹੋਰ ਨੂੰ ਟਿਕਟ ਦੇ ਦਿੱਤੀ ਗਈ ਸੀ । ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਕੀ ਪੁੱਤਰ ਮੋਹ ਤੋਂ ਦੂਰ ਦੇਖਿਆ ਜਾ ਸਕਦਾ ਹੈ । ਬਜ਼ੁਰਗ ਨੇਤਾ ਸੁਖਦੇਵ ਸਿੰਘ ਢੀਂਡਸਾ ਦੀ ਦੁਬਾਰਾ ਤੋਂ ਨਰਾਜ਼ਗੀ ਵੀ ਤਾਂ ਇਸੇ ਕਰਕੇ ਵਧੀ ਹੈ ਕਿ ਉਹਨਾਂ ਦੇ ਪੁੱਤਰ ਸੁਖਦੇਵ ਸਿੰਘ ਢੀਂਡਸਾ ਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ ਟਿਕਟ ਨਹੀਂ ਸੀ ਦਿੱਤੀ ਗਈ। ਦੂਜੇ ਬੰਨੇ ਇਹੋ ਜਿਹੀਆਂ ਖਬਰਾਂ ਵੀ ਆ ਰਹੀਆਂ ਹਨ ਕਿ ਬਾਗੀ ਧੜਾ ਸੁਖਬੀਰ ਬਾਦਲ ਨਾਲ ਗੱਲ ਕਰਨ ਲਈ ਤਿਆਰ ਹੈ ਪਰ ਸਿਧਾਂਤਾਂ ਨੂੰ ਲੈ ਕੇ । ਉਹ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਕਹਾਉਣ ਤੋਂ ਵੀ ਚਿੜਦੇ ਹਨ । ਹੁਣ ਕੀ ਇਹ ਮੰਨ ਲਿਆ ਜਾਵੇ ਕਿ ਜਦੋਂ ਸੁਖਬੀਰ ਵਿਰੋਧੀ ਧੜਾ ਅਕਾਲੀ ਦਲ ਬਚਾਓ ਦਾ ਨਾਅਰਾ ਲੈ ਕੇ ਪੰਜਾਬ ਵਿੱਚ ਜਾਵੇਗਾ ਤਾਂ ਲੋਕ ਉਹਨਾਂ ਨੂੰ ਹੱਥਾਂ 'ਤੇ ਚੁੱਕ ਲੈਣਗੇ । ਜਾਂ ਆਪਾਂ ਇਹ ਕਹਿ ਲਈਏ ਕਿ ਜੇ ਜਿਵੇਂ ਕਿ ਕਈ ਪਾਸਿਆਂ ਤੋਂ ਉਮੀਦਾਂ ਦੀਆਂ ਖਬਰਾਂ ਆਉਣ ਲੱਗੀਆਂ ਹਨ ਜੇ ਸ਼ਰਤਾਂ ਉੱਤੇ ਦੋਨੋਂ ਧੜੇ ਇੱਕ ਹੋ ਵੀ ਜਾਂਦੇ ਹਨ ਤਦ ਲੋਕਾਂ ਦੀ ਸ਼੍ਰੋਮਣੀ ਅਕਾਲੀ ਦਲ ਨਾਲ ਨਰਾਜ਼ਗੀ ਦੂਰ ਹੋ ਜਾਵੇਗੀ ?

ਇੱਕ ਸੱਚ ਇਹ ਵੀ ਹੈ ਕਿ ਦੋਨੇ ਧਿਰਾਂ ਸਤਾ ਦੀਆਂ ਲਾਲਚੀ ਹਨ । ਦੋਹਾਂ ਧਿਰਾਂ ਦੇ ਦਿਲਾਂ ਵਿੱਚ 2017 ਤੋਂ ਬਾਅਦ ਪੰਜਾਬ ਅਤੇ ਕੇਂਦਰ ਦੀ ਸਰਕਾਰ ਵਿੱਚ ਹਿੱਸੇਦਾਰੀ ਤੋਂ ਦੂਰ ਹੋ ਜਾਣ ਦੀ ਚੀਸ ਹੈ । ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਬਾਗੀ ਧੜੇ ਦੇ ਨੇਤਾਵਾਂ ਵਿੱਚੋਂ ਹਮੇਸ਼ਾ ਪੰਥ ਲਈ ਕੁਝ ਕਰਨ ਦੀ ਥਾਂ ਸੱਤਾ ਦੀ ਲਾਲਸਾ ਦੀ ਝਲਕ ਪੈਂਦੀ ਰਹੀ ਹੈ ।

ਸ਼੍ਰੋਮਣੀ ਅਕਾਲੀ ਦਲ ਜਿੰਨਾ ਕਮਜ਼ੋਰ ਹੁਣ ਪਿਆ ਹੈ, ਇੰਨਾ ਪਹਿਲਾਂ ਕਦੇ ਨਹੀਂ ਸੀ ਪਿਆ । ਅਕਾਲੀ ਦਲ ਦੀਆਂ ਇੱਕ ਤਰ੍ਹਾਂ ਨਾਲ ਜੜ੍ਹਾਂ ਖੋਖਲੀਆਂ ਹੋ ਗਈਆਂ ਹਨ। ਹਾਲ ਦੀ ਘੜੀ ਇਹ ਲਾ ਇਲਾਜ ਬਿਮਾਰੀ ਦਾ ਸ਼ਿਕਾਰ ਲੱਗਦਾ ਹੈ । ਜਦੋਂ ਤੱਕ ਅਕਾਲੀ ਦਲ ਸੱਤਾ ਦੀ ਲਾਲਸਾ ਛੱਡ ਕੇ ਪੰਜਾਬ ਲਈ ਹਿੱਕ ਡਾਹ ਕੇ ਨਹੀਂ ਖੜਦਾ ਉਦੋਂ ਤੱਕ ਲੋਕਾਂ ਨੇ ਗਲ ਨਾਲ ਨਹੀਂ ਲਾਉਣਾ । ਬਿਨਾਂ ਸ਼ੱਕ ਸੁਖਬੀਰ ਵਿਰੋਧੀ ਧੜਾ ਇੱਕ ਚੰਗੀ ਪਹਿਲ ਕਰਨ ਲਈ ਤੁਰਿਆ ਹੈ ਪਰ ਹਾਲ ਦੀ ਘੜੀ ਇਹਨਾਂ ਤੋਂ ਵੀ ਕੋਈ ਉਮੀਦ ਦੀ ਕਿਰਨ ਨਜ਼ਰ ਨਹੀਂ ਆ ਰਹੀ ਹੈ । ਝੂੰਦਾ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰ ਵੀ ਦਿੱਤੀਆਂ ਜਾਣ ਤਦ ਵੀ ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਦੇ ਲੋਕਾਂ ਨਾਲ ਨੇੜਤਾ ਵਧਣ ਵਾਲੇ ਨਹੀਂ ਹੈ। ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਤੋਂ ਸੰਘੀ ਢਾਂਚੇ ਲਈ ਲੜਾਈ ਵਿੱਢਣ ਦੀ ਉਮੀਦ ਰੱਖਦੇ ਹਨ । ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਪ੍ਰਾਪਤੀ ਲਈ ਜਿੱਤ ਤੱਕ ਲੜਿਆ ਜਾਣ ਵਾਲੇ ਸੰਘਰਸ਼ ਦੀ ਸਿੱਕ ਦਿਲ ਵਿੱਚ ਪਲੋਸ ਰਹੇ ਹਨ । ਪੰਜਾਬੀ ਇਹ ਕਦੇ ਵੀ ਨਹੀਂ ਚਾਹੁੰਦੇ ਕਿ ਕੇਂਦਰ ਧੱਕਾ ਕਰੇ ਅਤੇ ਅਕਾਲੀ ਦਲ ਆਪਣੇ ਸਿਆਸੀ ਮੁਫਾਦਾਂ ਲਈ ਜੀਭ ਨੂੰ ਤਾਲਾ ਲਾ ਕੇ ਕੇਂਦਰ ਤੋਂ ਫਾਇਦਾ ਲੈਣ ਦੀ ਝਾਕ ਰੱਖਦਾ ਰਵੇ। ਇੱਕ ਕੌੜਾ ਸੱਚ ਇਹ ਵੀ ਹੈ ਕਿ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ ਦੂਰੀ ਇੰਨੀ ਵੱਧ ਚੁੱਕੀ ਹੈ ਕਿ ਇਹਦੇ ਲਈ ਕੁਰਬਾਨੀਆਂ ਵਾਲਾ ਇਤਿਹਾਸ ਦੁਹਰਾਉਣਾ ਪੈਣਾ ਹੈ । ਇੱਕ ਸੱਚ ਇਹ ਵੀ ਹੈ ਕਿ ਪੰਜਾਬ ਦੇ ਲੋਕ ਦੂਜਿਆਂ ਸਿਆਸੀਆਂ ਪਾਰਟੀ ਨਾਲੋਂ ਸ਼੍ਰੋਮਣੀ ਅਕਾਲੀ ਦਲ ਤੋਂ ਵੱਧ ਤਵੱਕੋਂ ਰੱਖਦੇ ਹਨ।



ਆਪਣੇ ਅੰਦਰ ਦੀਆਂ ਸ਼ਕਤੀਆਂ ਨੂੰ ਪਛਾਣੋ।ਮੁਸ਼ਕਲਾਂ ਨਾਲ ਲੋਹਾ ਲੈ ਕੇ ਹੀ ਮਨੁੱਖ ਦਾ ਚਰਿੱਤਰ ਚਮਕਦਾ ਹੈ। ਮੁਸ਼ਕਲਾਂ ਨਾਲ ਲੜਨ ਨਾਲ ਹੀ ਮਨੁੱਖ 'ਚ ਸ਼ਕਤੀ ਦਾ ਸੰਚਾਰ ਹੁੰਦਾ ਹੈ ਜਿਸ ਦੇ ਬਲਬੂਤੇ ਉਹ ਸਫਲਤਾ ਹਾਸਲ ਕਰਦਾ ਹੈ। ਸਮੱਸਿਆਵਾਂ ਵੇਲੇ ਯਾਦ ਰੱਖੋ ਕਿ ਜਿਵੇਂ ਸਰਦੀਆਂ ਵਿਚ ਧੁੰਦ ਸੂਰਜ ਦੀ ਰੋਸ਼ਨੀ ਦੇ ਰਾਹ 'ਚ ਵੱਡੀ ਰੁਕਾਵਟ ਬਣਦੀ ਹੈ

# ਸਮੱਸਿਆਵਾਂ ਤੋਂ ਡਰ ਕਾਹਦਾ?

- ਕੈਲਾਸ਼ ਚੰਦਰ ਸ਼ਰਮਾ,
98774-66607

ਮਨੁੱਖੀ ਜੀਵਨ ਇਕ ਬੰਸਰੀ ਵਾਂਗ ਹੈ ਜਿਸ 'ਚ ਰੁਕਾਵਟਾਂ ਰੂਪੀ ਕਿੰਨੇ ਹੀ ਛੇਕ ਹਨ। ਜ਼ਿੰਦਗੀ ਕਿਸੇ ਦੀ ਵੀ ਕਦੇ ਸਿੱਧੀ ਨਹੀਂ ਚੱਲਦੀ। ਇਸ ਦੀਆਂ ਸੜਕਾਂ 'ਤੇ ਸਮੱਸਿਆਵਾਂ ਦੇ ਖੱਡੇ ਆਉਣੇ ਲਾਜ਼ਮੀ ਹਨ। ਨਹੀਂ ਤਾਂ ਇਹ ਰਾਹੀ ਨੂੰ ਬੇਪਰਵਾਹ ਅਤੇ ਅਵੇਸਲਾ ਬਣਾ ਦਿੰਦੀਆਂ ਹਨ। ਕਈ ਵਾਰ ਇਹ ਸਮੱਸਿਆਵਾਂ ਸਾਡੇ ਰਾਹਾਂ ਵਿਚ ਹਿੱਕ ਤਾਣ ਕੇ ਖਲੋ ਜਾਂਦੀਆਂ ਹਨ ਅਤੇ ਅਜਿਹਾ ਵਾਰ ਕਰਦੀਆਂ ਹਨ ਜੋ ਮਨੁੱਖ ਦੀ ਕਲਪਨਾ ਤੋਂ ਵੀ ਬਾਹਰ ਹੁੰਦਾ ਹੈ। ਇਨ੍ਹਾਂ ਸਮੱਸਿਆਵਾਂ ਦੀ ਭੀੜ ਵਿੱਚੋਂ ਕੇਵਲ ਉਹੀ ਇਨਸਾਨ ਅੱਗੇ ਨਿਕਲਦੇ ਹਨ ਜੋ ਇਨ੍ਹਾਂ ਨਾਲ ਮੱਥਾ ਲਾਉਂਦੇ ਹਨ। ਜਿਸ ਨੂੰ ਇਨ੍ਹਾਂ ਨੂੰ ਪਾਰ ਕਰਨਾ ਆ ਗਿਆ ਸਮਝੋ ਉਸ ਨੂੰ ਜਿਊਣਾ ਆ ਗਿਆ। ਜ਼ਿੰਦਗੀ ਦੀਆਂ ਸਮੱਸਿਆਵਾਂ ਆਸਾਨ, ਮੁਸ਼ਕਲ ਅਤੇ ਕਈ ਅਸੰਭਵ ਹੁੰਦੀਆਂ ਹਨ। ਜਿਨ੍ਹਾਂ ਵਿਅਕਤੀਆਂ ਨੂੰ ਅਸੰਭਵ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਨ੍ਹਾਂ ਨੂੰ ਲੋਕ ਸਾਰੀ ਉਮਰ ਯਾਦ ਕਰਦੇ ਹਨ।

ਜ਼ਿੰਦਗੀ 'ਚ ਆਉਣ ਵਾਲੀਆਂ ਸਮੱਸਿਆਵਾਂ ਦਾ ਪ੍ਰਭਾਵ ਸਾਡੇ 'ਤੇ ਜ਼ਰੂਰ ਪੈਂਦਾ ਹੈ ਪਰ ਮਹੱਤਵਪੂਰਨ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਕਿਸ ਰੂਪ ਵਿਚ ਲੈਂਦੇ ਹਾਂ। ਸਿਆਣੇ ਕਹਿੰਦੇ ਹਨ ਕਿ ਜ਼ਿੰਦਗੀ ਵਿਚ ਆਉਣ ਵਾਲੀਆਂ ਸਮੱਸਿਆਵਾਂ ਚਾਹ ਦੇ ਕੱਪ ਵਿਚ ਜੰਮੀ ਮਲਾਈ ਦੀ ਤਰ੍ਹਾਂ ਹੁੰਦੀਆਂ ਹਨ ਅਤੇ ਕਾਮਯਾਬ ਉਹੀ ਹੁੰਦੇ ਹਨ ਜਿਨ੍ਹਾਂ ਨੂੰ ਫੂਕ ਮਾਰ ਕੇ ਮਲਾਈ ਨੂੰ ਪਰ੍ਹਾਂ ਹਟਾ ਕੇ ਚਾਹ ਪੀਣਾ ਆਉਂਦਾ ਹੈ। ਸਮੱਸਿਆਵਾਂ ਆਉਣ 'ਤੇ ਨਿਰਾਸ਼ ਜਾਂ ਬੇਚੈਨ ਨਾ ਹੋਵੋ ਬਲਕਿ ਇਨ੍ਹਾਂ ਸਾਹਮਣੇ ਡਟਣ ਲਈ ਤਿਆਰ ਰਹੋ ਕਿਉਂਕਿ ਨਿਰਾਸ਼ਾ ਵਾਲੇ ਜੀਵਨ ਵਿਚ ਕਦੇ ਪ੍ਰਸੰਨਤਾ ਦਾ ਪ੍ਰਵੇਸ਼ ਨਹੀਂ ਹੁੰਦਾ। ਜਿਸ ਜੀਵਨ ਵਿਚ ਪ੍ਰਸੰਨਤਾ ਦਾ ਪ੍ਰਵੇਸ਼ ਨਹੀਂ ਹੁੰਦਾ ਉਸ ਦਾ ਵਿਕਾਸ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੁੰਦਾ। ਇਸ ਲਈ ਜ਼ਿੰਦਗੀ ਵਿਚ ਆਉਣ ਵਾਲੀਆਂ ਸਮੱਸਿਆਵਾਂ ਤੋਂ ਕਦੇ ਨਾ ਡਰੋ। ਇਹ ਤਾਂ ਉਸ ਬੈਗ ਵਾਂਗ ਹੁੰਦੀਆਂ ਹਨ ਜਿਸ ਵਿਚ ਕਪਾਹ ਭਰੀ ਹੁੰਦੀ ਹੈ।ਉਨ੍ਹਾਂ ਲੋਕਾਂ ਨੂੰ ਇਹ ਬੈਗ ਭਾਰਾ ਲੱਗਦਾ ਹੈ ਜੋ ਇਸ ਨੂੰ ਕੇਵਲ ਵੇਖਦੇ ਹਨ ਪਰ ਉਨ੍ਹਾਂ ਨੂੰ ਹਲਕਾ ਜੋ ਇਸ ਨੂੰ ਚੁੱਕਦੇ ਹਨ। ਦੁਨੀਆਂ ਦੀ ਕੋਈ ਵੀ ਪਰੇਸ਼ਾਨੀ ਤੁਹਾਡੀ ਹਿੰਮਤ ਤੋਂ ਵੱਡੀ ਨਹੀਂ ਹੈ।ਯਾਦ ਰੱਖੋ ਦੁਨੀਆਂ ਦੀਆਂ ਸਾਰੀਆਂ ਸ਼ਕਤੀਆਂ ਤੁਹਾਡੇ ਅੰਦਰ ਮੌਜੂਦ ਹਨ ਪਰ ਮੁਸ਼ਕਲ ਇਹ ਹੈ ਕਿ ਆਮ ਜ਼ਿੰਦਗੀ ਗੁਜ਼ਾਰਦੇ ਸਮੇਂ ਅਸੀਂ ਕਦੇ ਆਤਮ-ਚਿੰਤਨ ਨਹੀਂ ਕਰਦੇ ਜਿਸ ਦੇ ਸਿੱਟੇ ਵਜੋਂ ਜੀਵਨ ਵਿਚ ਮੁਸ਼ਕਲ ਆਈ ਨਹੀਂ ਕਿ ਭਵਿੱਖ ਦੀ ਚਿੰਤਾ ਵਿਚ ਸੋਚ-ਸੋਚ ਕੇ ਮਨੁੱਖ ਤਨੋ-ਮਨੋਂ ਕਮਜ਼ੋਰ ਹੁੰਦਾ ਜਾਂਦਾ ਹੈ। ਸਮੱਸਿਆਵਾਂ ਤਾਂ ਇੱਕ ਕੱਪੜੇ ਧੋਣ ਵਾਲੀ ਮਸ਼ੀਨ ਵਾਂਗ ਹੁੰਦੀਆਂ ਹਨ ਜੋ ਸਾਨੂੰ ਇੱਧਰ-ਉਧਰ ਹਿਲਾਉਂਦੀਆਂ ਹਨ ਅਤੇ ਅੰਤ ਵਿਚ ਅਸੀਂ ਚਮਕਦਾਰ ਅਤੇ ਪਹਿਲਾਂ ਨਾਲੋਂ ਵੀ ਸਾਫ ਹੋ ਕੇ ਨਿਕਲਦੇ ਹਾਂ। ਆਪਣੇ ਅੰਦਰ ਦੀਆਂ ਸ਼ਕਤੀਆਂ ਨੂੰ ਪਛਾਣੋ।ਮੁਸ਼ਕਲਾਂ ਨਾਲ ਲੋਹਾ ਲੈ ਕੇ ਹੀ ਮਨੁੱਖ ਦਾ ਚਰਿੱਤਰ ਚਮਕਦਾ ਹੈ। ਮੁਸ਼ਕਲਾਂ ਨਾਲ ਲੜਨ ਨਾਲ ਹੀ ਮਨੁੱਖ 'ਚ ਸ਼ਕਤੀ ਦਾ ਸੰਚਾਰ ਹੁੰਦਾ ਹੈ ਜਿਸ ਦੇ ਬਲਬੂਤੇ ਉਹ ਸਫਲਤਾ ਹਾਸਲ ਕਰਦਾ ਹੈ। ਸਮੱਸਿਆਵਾਂ ਵੇਲੇ ਯਾਦ ਰੱਖੋ ਕਿ ਜਿਵੇਂ ਸਰਦੀਆਂ ਵਿਚ ਧੁੰਦ ਸੂਰਜ ਦੀ ਰੋਸ਼ਨੀ ਦੇ ਰਾਹ 'ਚ ਵੱਡੀ ਰੁਕਾਵਟ ਬਣਦੀ ਹੈ ਪਰ ਸੂਰਜ ਇਸ ਨੂੰ ਮੇਟ ਕੇ ਆਪਣੀ ਲੋਅ ਧਰਤੀ ਤੱਕ ਲੈ ਆਉਂਦਾ ਹੈ, ਉਸੇ ਤਰ੍ਹਾਂ ਆਤਮ-ਚਿੰਤਨ ਕਰਕੇ ਇਨ੍ਹਾਂ ਦੇ ਕਾਰਨਾਂ ਨੂੰ ਸਮਝਦੇ ਹੋਏ ਅੱਗੇ ਵਧੋ, ਇਹ ਤੁਹਾਡੇ ਲਈ ਰਾਹ ਖਾਲੀ ਕਰੀ ਜਾਣਗੀਆਂ। ਜਦੋਂ ਕੁਦਰਤ ਨੇ ਸਾਨੂੰ ਚਮਕਾਉਣਾ ਹੋਵੇ ਤਾਂ ਸਾਡਾ ਦਾਖਲਾ ਉਹ ਮੁਸੀਬਤਾਂ ਦੇ ਸਕੂਲ ਵਿਚ ਕਰਵਾ ਦਿੰਦੀ ਹੈ। ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ: ਚੱਲਣ ਦੀ ਕੋਸ਼ਿਸ਼ ਤਾਂ ਕਰੋ, ਦਿਸ਼ਾਏਂ ਬਹੁਤ ਨੇ। ਰਾਸਤੇ ਮੇਂ ਬਿਖਰੇ ਕਾਂਟੋਂ ਸੇ ਨਾ ਡਰੋ, ਤੁਮਹਾਰੇ ਸਾਥ ਦੁਆਏਂ ਬਹੁਤ ਹੈਂ।

ਸਮੱਸਿਆਵਾਂ ਜ਼ਿਆਦਾਤਰ ਸਾਡੀ ਗੈਰਜ਼ਿੰਮੇਵਾਰੀ ਦਾ ਨਤੀਜਾ ਹੁੰਦੀਆਂ ਹਨ।ਉਹ ਕੰਮ ਜੋ ਸਾਨੂੰ ਉਸ ਸਮੇਂ ਕਰਨੇ ਚਾਹੀਦੇ ਸਨ ਜਦੋਂ ਉਨ੍ਹਾਂ ਦਾ ਵਕਤ ਸੀ ਨਹੀਂ ਕੀਤੇ, ਉਹ ਅੱਗੇ ਚੱਲ ਕੇ ਸਮੱਸਿਆਵਾਂ ਬਣ ਗਏ। ਬਹੁਤੇ ਵਾਰ ਸਮੱਸਿਆਵਾਂ ਸਾਡੇ ਆਪਣੇ ਵਿਵਹਾਰ ਦੀ ਹੀ ਦੇਣ ਹੁੰਦੀਆਂ ਹਨ। ਜੋ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਉਸ ਦਾ ਜੀਵਨ ਸੰਕਟਾਂ ਵਿੱਚ ਘਿਰ ਜਾਂਦਾ ਹੈ। ਨਿਯਮਾਂ ਦੀ ਪਾਲਣਾ ਨਾ ਕਰਨ ਵਾਲਾ ਮਨੁੱਖ ਅਨੁਸ਼ਾਸਨ ਗੁਆ ਬੈਠਦਾ ਹੈ ਜਿਸ ਕਰਕੇ ਉਸ ਦਾ ਜੀਵਨ ਚੁਣੌਤੀਆਂ ਵਿਚ ਫਸ ਜਾਂਦਾ ਹੈ। ਜਦੋਂ ਵਿਅਕਤੀ ਆਪਹੁਦਰੀਆਂ ਗੱਲਾਂ ਵਿਚ ਉਲਝਦਾ ਹੋਇਆ ਆਪਣੀਆਂ ਅੰਦਰਲੀਆਂ ਅਤੇ ਬਾਹਰਲੀਆਂ ਅੱਖਾਂ ਗੁਆ ਲੈਂਦਾ ਹੈ ਤਾਂ ਉਸ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਅਕਤੀ ਦਾ ਦੂਹਰਾ ਆਚਰਣ ਵੀ ਸਾਡੀਆਂ ਸਮੱਸਿਆਵਾਂ ਦੀ ਜੜ੍ਹ ਹੈ। ਦੋਗਲੀ ਜ਼ਿੰਦਗੀ ਜਿਊਣ ਵਾਲੇ ਅਜਿਹੇ ਵਿਅਕਤੀ ਦੀ ਅੰਤਰ-ਆਤਮਾ ਉਸ ਨੂੰ ਹਰ ਵੇਲੇ ਦੁਰਕਾਰਦੀ ਰਹਿੰਦੀ ਹੈ ਜਿਸ ਕਾਰਨ ਉਸ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਦਾ ਕੋਈ ਹੱਲ ਨਹੀਂ ਲੱਭਦਾ।ਸਾਡੀਆਂ ਕੁਝ ਸਮੱਸਿਆਵਾਂ ਕੇਵਲ ਇਸ ਕਾਰਨ ਵੀ ਹਨ ਕਿ ਅਸੀਂ ਉਨ੍ਹਾਂ ਨੂੰ ਸੁਧਾਰਨ ਲਈ ਬਣਦੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਏ ਹਾਂ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੇ ਤੈਰਣਾ ਸਿੱਖਣਾ ਹੈ ਤਾਂ ਪਾਣੀ ਵਿਚ ਉਤਰਨਾ ਹੀ ਪਵੇਗਾ। ਅਸੀਂ ਜੀਵਨ ਵਿਚ ਛੋਟੀਆਂ-ਛੋਟੀਆਂ ਗੱਲਾਂ ਆਪਣੇ ਦਿਮਾਗ਼ ਵਿਚ ਭਰੀ ਜਾਂਦੇ ਹਾਂ ਅਤੇ ਉਨ੍ਹਾਂ ਵਿਚ ਹੀ ਆਪਣੀ ਊਰਜਾ ਖ਼ਤਮ ਕਰਦੇ ਰਹਿੰਦੇ ਹਾਂ ਜਿਸ ਕਾਰਨ ਮੁੱਖ ਗੱਲਾਂ ਲਈ ਸਾਡੇ ਕੋਲ ਵਕਤ ਹੀ ਨਹੀਂ ਹੁੰਦਾ ਜਿਸ ਕਾਰਨ ਵੀ ਅਸੀਂ ਸਮੱਸਿਆਵਾਂ ਵਿਚ ਘਿਰ ਜਾਂਦੇ ਹਾਂ। ਇਹ ਠੀਕ ਹੈ ਕਿ ਜਿਵੇਂ ਸਾਗਰ ਲਹਿਰਾਂ ਤੋਂ ਬਿਨਾ ਨਹੀਂ ਹੁੰਦਾ, ਓਵੇਂ ਜ਼ਿੰਦਗੀ ਵੀ ਤਕਲੀਫਾਂ, ਮੁਸ਼ਕਿਲਾਂ ਤੋਂ ਬਿਨਾ ਨਹੀਂ ਹੁੰਦੀ। ਸਤਰੰਗੀ ਪੀਂਘ ਬਣਾਉਣ ਲਈ ਮੀਂਹ ਅਤੇ ਧੁੱਪ ਦੋਵਾਂ ਦਾ ਹੋਣਾ ਜ਼ਰੂਰੀ ਹੈ ਪਰ ਸਮੱਸਿਆਵਾਂ ਕੋਈ ਇੰਨੀਆਂ ਤਾਕਤਵਰ ਨਹੀਂ ਹੁੰਦੀਆਂ ਜਿੰਨੀਆਂ ਅਸੀਂ ਉਨ੍ਹਾਂ ਨੂੰ ਸਮਝ ਲੈਂਦੇ ਹਾਂ।ਕਦੇ ਸੁਣਿਆ ਹੈ ਕਿ 'ਅੰਧੇਰੋਂ ਨੇ ਸੁਬਹ ਨਾ ਹੋਣੇ ਦੀ ਹੋ'।ਕਾਮਯਾਬੀ ਦਾ ਜਨੂੰਨ ਹੋਣਾ ਚਾਹੀਦਾ ਹੈ ਮੁਸ਼ਕਿਲਾਂ ਦੀ ਕੀ ਔਕਾਤ ਹੈ ਕਿ ਤੁਹਾਡਾ ਰਾਹ ਰੋਕ ਸਕਣ।ਜੇਕਰ ਜ਼ਿੰਦਗੀ ਦੇ ਉਤਰਾਵਾਂ ਨੂੰ ਸਬਰ ਨਾਲ ਸਹਿਣ ਕਰ ਲਿਆ ਜਾਵੇ ਤਾਂ ਸਮੱਸਿਆਵਾਂ ਨੂੰ ਸਲਝਾਉਣ ਵਿਚ ਵੀ ਆਨੰਦ ਮਿਲਦਾ ਹੈ। ਜ਼ਿੰਮੇਵਾਰ ਬਣਨ ਅਤੇ ਸਮਝ ਕੇ ਫੈਸਲੇ ਕਰਨ ਦੀ ਜਾਚ ਸਿੱਖਣ ਦੀ ਕੋਸ਼ਿਸ਼ ਕਰੀਏ। ਕੋਈ ਸਾਡੇ ਮਸਲੇ ਹੱਲ ਨਹੀਂ ਕਰੇਗਾ ਐਵੇਂ ਅਵੇਸਲੇ ਹੀ ਦਰਿਆ ਦੇ ਕਿਨਾਰੇ ਬੈਠ ਕੇ ਪਿਆਸੇ ਨਾ ਮਰੀਏ। ਦੁਨੀਆਂ ਦੀ ਸਭ ਤੋਂ ਵਧੀਆ ਕਿਤਾਬ ਅਸੀਂ ਖੁਦ ਹਾਂ। ਖੁਦ ਨੂੰ ਸਮਝ ਲਓ ਸਾਰੀਆਂ ਸਮੱਸਿਆਵਾਂ ਦਾ ਹੱਲ ਮਿਲ ਜਾਵੇਗਾ।ਜ਼ਿੰਦਗੀ ਦੀ ਗੁਣਾਤਮਕਤਾ ਓਨੀ ਦੇਰ ਨਹੀਂ ਸੁਧਰਦੀ ਜਿੰਨੀ ਦੇਰ ਤੱਕ ਸਾਡੇ ਵਿਚਾਰ ਅਤੇ ਸਾਡੇ ਸੋਚਣ ਦੇ ਤਰੀਕੇ ਨਹੀਂ ਸੁਧਰਦੇ। ਜਦੋਂ ਜੀਵਨ ਵਿਚ ਸਮੱਸਿਆਵਾਂ ਆਉਣ ਤਾਂ ਬੇਚੈਨ ਹੋਣ ਦੀ ਬਜਾਏ ਸ਼ਾਂਤ ਰਹਿ ਕੇ ਵਿਚਾਰ ਕਰੋ ਹੱਲ ਜ਼ਰੂਰ ਨਿਕਲੇਗਾ।

ਸਿਆਣੇ ਕਹਿੰਦੇ ਹਨ ਕਿ ਹਰ ਸਮੱਸਿਆ ਵਿਚ ਕੋਈ ਦਿਲਚਸਪ ਗੱਲ ਲੁਕੀ ਹੁੰਦੀ ਹੈ।ਮਜ਼ਾ ਇਸ ਵਿਚ ਹੈ ਕਿ ਅਸੀਂ ਉਸ ਨੂੰ ਲੱਭ ਲਈਏ। ਇਕ ਪ੍ਰੇਰਕ ਦੇ ਦੱਸਣ ਅਨੁਸਾਰ ਹਰ ਸਮੱਸਿਆ ਵਿਚ ਇਕ ਕਮਜ਼ੋਰ ਜਗ੍ਹਾ ਹੁੰਦੀ ਹੈ।ਇਹ ਤੁਹਾਡੇ ਵੱਲ ਵੇਖ ਕੇ ਲੁਕਣਮੀਟੀ ਖੇਡਣ ਲਈ ਬੁਲਾ ਰਹੀ ਹੁੰਦੀ ਹੈ। ਇਸ ਨੂੰ ਲੱਭ ਲੈਣ ਨਾਲ ਸਮੱਸਿਆ ਤਾਂ ਹੱਲ ਹੋ ਹੀ ਜਾਵੇਗੀ ਨਾਲ ਹੀ ਇਸ ਵਿਚੋਂ ਇੱਕ ਅਨੋਖੀ ਚੀਜ਼ ਵੀ ਨਿਕਲ ਕੇ ਆਉਂਦੀ ਹੈ ਜੋ ਜੀਵਨ ਵਿਚ ਸਾਡੇ ਕਦਮ ਅੱਗੇ ਤੋਂ ਅੱਗੇ ਵਧਾਉਣ ਲਈ ਲਾਹੇਵੰਦ ਹੁੰਦੀ ਹੈ। ਇਸ ਲਈ ਗਹਿਰਾਈ ਨਾਲ ਵਿਚਾਰ ਕਰਦੇ ਹੋਏ ਇਨ੍ਹਾਂ ਦਾ ਹੱਲ ਲਭੋ ਕਿਉਂਕਿ ਲਾਜਵਾਬ ਮੋਤੀ ਕਦੇ ਕਿਨਾਰਿਆਂ ਤੋਂ ਨਹੀਂ ਮਿਲਦੇ।ਤੁਸੀਂ ਜਿੰਨੀ ਮਿਹਨਤ ਅਤੇ ਵਿਸ਼ਵਾਸ ਨਾਲ ਕੰਮ ਕਰੋਗੇ ਹਰ ਪਲ ਵੀ ਓਨਾ ਹੀ ਬਿਹਤਰ ਅਤੇ ਮਿੱਠਾ ਮਿਲੇਗਾ।

## ਕਰੋ ਘਰ ਦਾ ਖਿਆਲ

- ਕਰੰਟ ਤੋਂ ਬਚਣ ਲਈ ਜੇ ਘਰ ਵਿਚ ਅਰਥਿੰਗ ਨਾ ਹੋਵੇ ਤਾਂ ਸਭ ਤੋਂ ਪਹਿਲਾਂ ਉਸ ਦਾ ਪ੍ਰਬੰਧ ਕਰੋ।
- ਘਰ ਦੇ ਰੰਗ, ਖਾਸ ਕਰਕੇ ਘਰ ਦੇ ਬਾਹਰਲੇ ਪਾਸੇ ਵਾਟਰਪਰੂਫ ਰੰਗ ਕਰਵਾਓ।
- ਜੇ ਬਾਹਰ ਬਾਲਕੋਨੀ ਆਦਿ ਵਿਚ ਮਾਰਬਲ ਲੱਗਾ ਹੈ ਤਾਂ ਉਸ ਦੀ ਸਫਾਈ 'ਤੇ ਵਿਸ਼ੇਸ਼ ਧਿਆਨ ਦਿਓ। ਮਾਰਬਲ ਦਾ ਰੰਗ ਬਦਲ ਸਕਦਾ ਹੈ। ਜੇ ਟਾਇਲਾਂ ਲੱਗੀਆਂ ਹਨ ਤਾਂ ਟੁੱਟੀਆਂ ਟਾਇਲਾਂ ਨੂੰ ਬਦਲਵਾ ਲਓ, ਨਹੀਂ ਤਾਂ ਪਾਣੀ ਟੁੱਟੀਆਂ ਟਾਇਲਾਂ ਵਿਚ ਜਮ੍ਹਾਂ ਹੋ ਸਕਦਾ ਹੈ, ਜੋ ਬਾਕੀ ਟਾਇਲਾਂ ਲਈ ਵੀ ਨੁਕਸਾਨਦੇਹ ਹੋ ਸਕਦਾ ਹੈ।
- ਘਰ ਵਿਚ ਕੋਈ ਟੁੱਟਿਆ ਡੱਬਾ, ਗਮਲਾ ਅਜਿਹਾ ਨਾ ਹੋਵੇ, ਜਿਸ ਵਿਚ ਪਾਣੀ ਰੁਕਿਆ ਰਹੇ ਅਤੇ ਉਥੇ ਡੇਂਗੂ ਦੇ ਮੱਛਰ ਆਪਣਾ ਘਰ ਬਣਾ ਲੈਣ।
- ਘਰ ਵਿਚ ਸਵਿੱਚ, ਤਾਰਾਂ, ਪਲੱਗ ਜੇ ਠੀਕ ਨਾ ਹੋਣ ਤਾਂ ਪਹਿਲਾਂ ਹੀ ਠੀਕ ਕਰਵਾ ਲਓ।
- ਘਰ ਵਿਚ ਕਿਤੇ ਕੋਈ ਸੁਰਾਖ ਦਿਖਾਈ ਦੇਵੇ ਤਾਂ ਤੁਰੰਤ ਸੀਮੈਂਟ ਨਾਲ ਉਸ ਨੂੰ ਭਰਵਾ ਲਓ ਤਾਂ ਕਿ ਬਰਸਾਤੀ ਕੀੜੇ ਨਾ ਅ ਾ ਸਕਣ। - ਜੇ ਘਰ ਵਿਚ ਗਲੀਚ



ਵਿਛਿਆ ਹੋਵੇ ਤਾਂ ਉਸ ਨੂੰ ਬਰਸਾਤਾਂ ਤੋਂ ਪਹਿਲਾਂ ਇਕੱਠਾ ਕਰਕੇ ਪਲਾਸਟਿਕ ਦੀ ਸ਼ੀਟ ਨਾਲ ਢਕ ਦਿਓ ਤਾਂ ਕਿ ਨਮੀ ਨਾ ਆ ਸਕੇ।
- ਜੇ ਤੁਹਾਡੇ ਘਰ ਲੈਦਰ ਸੋਫਾ ਹੈ ਤਾਂ ਹਰ 15 ਦਿਨਾਂ ਬਾਅਦ ਕਵਰ ਨੂੰ ਸੁੱਕੇ ਕੱਪੜੇ ਨਾਲ ਚੰਗੀ ਤਰ੍ਹਾਂ ਸਾਫ਼ ਕਰੋ।
- ਪਰਦਿਆਂ ਨੂੰ ਮੋੜ ਕੇ ਡੋਰੀ ਨਾਲ ਬੰਨ੍ਹ ਦਿਓ। ਧੂੜ-ਮਿੱਟੀ ਜੰਮਣ 'ਤੇ ਉਨ੍ਹਾਂ ਨੂੰ ਵੈਕਿਊਮ ਕਲੀਨਰ ਨਾਲ ਸਾਫ਼ ਕਰੋ। ਬਰਸਾਤਾਂ ਵਿਚ ਪਰਦੇ ਧੋਣ 'ਤੇ ਉਨ੍ਹਾਂ ਨੂੰ ਸੁਕਾਉਣਾ ਮੁਸ਼ਕਿਲ ਹੁੰਦਾ ਹੈ।
- ਜੁੱਤੀਆਂ ਵਿਚ ਅਖ਼ਬਾਰ ਤੁੰਨ ਦਿਓ ਤਾਂ ਕਿ ਨਮੀ ਤੋਂ ਬਚੀਆਂ ਰਹਿਣ। ਗਿੱਲੀ ਜੁੱਤੀ ਪਹਿਨਣ ਨਾਲ ਪੈਰਾਂ ਵਿਚ ਸੰਕ੍ਰਮਣ ਹੋ ਸਕਦਾ ਹੈ।
- ਜੁੱਤੀਆਂ ਵਾਲੇ ਰੈਕ ਵਿਚ ਘੱਟ ਪਾਵਰ ਵਾਲਾ ਬਲਬ ਲਗਾਓ, ਜਿਸ ਨਾਲ ਉਸ ਵਿਚ ਨਮੀ ਨਹੀਂ ਰਹੇਗੀ।
- ਕੂਲਰ ਦਾ ਪਾਣੀ ਹਫਤੇ ਵਿਚ ਇਕ ਵਾਰ ਕੱਢ ਕੇ, ਸਾਫ਼ ਕਰਕੇ ਉਸ ਵਿਚ ਮਿੱਟੀ ਦਾ ਤੇਲ ਜਾਂ ਤਾਰਪੀਨ ਦਾ ਤੇਲ ਪਾਓ ਤਾਂ ਕਿ ਮੱਛਰ ਨਾ ਪਣਪ ਸਕੇ।

**ਪੰਜਾਬ ਦੇ ਦਰਿਆਈ ਪਾਣੀ ਦੀ ਲੁੱਟ ਕਿਉਂ ਤੇ ਪੰਜਾਬ ਦੀ ਆਮਦਨ ਦੇ ਇਕੋ ਇਕ ਜਰੀਏ ਖੇਤੀਬਾੜੀ ਦੀਆਂ ਜਿਣਸਾਂ ਦੀ ਲੁੱਟ ਕਿਉਂ ? ਕਿਥੇ ਸੁੱਤੀਆਂ ਹਨ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ? ਕੀ ਇਹ ਬਦਨੀਤੀ ਤਾਂ ਨਹੀਂ ਕਿ ਪੰਜਾਬੀਆਂ ਨੂੰ ਪੰਜਾਬ ਦੀ ਧਰਤੀ ਤੋਂ ਇਕ ਵਾਰ ਫਿਰ ਉਜਾੜ ਦਿਓ ਤੇ ਐਸੇ ਉਜਾੜੋ ਕਿ ਮੁੜ ਕੇ ਉਹ ਪੰਜਾਬ ਵੱਲ ਮੂੰਹ ਨਾ ਕਰਨ ?**



# ਪਾਣੀਆਂ ਦਾ ਮਸਲਾ
# ਪੰਜਾਬ ਦੀ ਧੌਣ 'ਤੇ ਤਲਵਾਰ

✿ - ਪ੍ਰਿੰ. ਸਰਵਣ ਸਿੰਘ

ਪੰਜਾਬ ਇਸ ਸਮੇਂ ਬੇਹੱਦ ਨਾਜ਼ਕ ਦੌਰ ਵਿਚੋਂ ਗੁਜ਼ਰ ਰਿਹਾ ਹੈ। ਕੇਂਦਰ ਸਰਕਾਰ ਨੇ ਜੇ ਹੁਣ ਵੀ ਪੰਜਾਬ ਵਿਰੋਧੀ ਨੀਤੀ ਨਾ ਬਦਲੀ ਤਾਂ ਕੁਝ ਵੀ ਹੋ ਸਕਦਾ ਹੈ। ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਅੰਗਰੇਜ਼ ਹਾਕਮਾਂ ਦੀਆਂ ਗੋਲੀਆਂ ਖਾਧੀਆਂ, ਫਾਂਸੀ ਚੜ੍ਹੇ, ਕਾਲੇ ਪਾਣੀ ਗਏ ਅਤੇ ਜਾਇਦਾਦਾਂ ਕੁਰਕ ਕਰਾਈਆਂ ਪਰ ਆਜ਼ਾਦੀ ਆਉਣ ਸਮੇਂ ਪੰਜਾਬ ਦਾ ਧੜ ਵੰਡ ਦੇ ਆਰੇ ਨਾਲ ਚੀਰ ਦਿੱਤਾ ਗਿਆ। ਦਸ ਲੱਖ ਲੋਕ ਨਿਹੱਕੇ ਮਾਰੇ ਗਏ। ਅਣਗਿਣਤ ਔਰਤਾਂ ਦੀ ਪੱਤ ਲੁੱਟੀ ਗਈ। ਕਰੋੜ ਦੇ ਕਰੀਬ ਪੰਜਾਬੀਆਂ ਦਾ ਉਜਾੜਾ ਹੋਇਆ। ਦੇਸ਼ ਦੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਖ਼ਾਤਰ ਪੰਜਾਬੀਆਂ ਨੂੰ ਮਾਣ ਸਨਮਾਨ ਤਾਂ ਕੀ ਦੇਣਾ ਸੀ, ਉਲਟਾ ਨਵੇਂ ਹਾਕਮਾਂ ਨੇ ਪੰਜਾਬ ਨੂੰ ਹਰ ਖੇਤਰ ਵਿਚ ਪਿੱਛੇ ਸੁੱਟਿਆ। ਜਦੋਂ ਕਦੇ ਵੀ ਭਾਰਤ-ਪਾਕਿਸਤਾਨ ਵਿਚਕਾਰ ਤਣਾਅ ਵਧਦਾ ਹੈ, ਆਵਾਜਾਈ ਤੇ ਵਪਾਰ ਘਟਦਾ ਹੈ, ਲੜਾਈ ਜਾਂ ਜੰਗ ਹੁੰਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਦਾ ਹੁੰਦਾ। ਉਜਾੜਾ ਦਰ ਉਜਾੜਾ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਨੂੰ ਕੇਂਦਰੀ ਸਰਕਾਰ ਨੇ ਕਦੇ ਕੋਈ ਵਿਸ਼ੇਸ਼ ਆਰਥਿਕ ਪੈਕੇਜ ਨਹੀਂ ਦਿੱਤਾ। ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰੇ ਵਿਰੁਧ ਜੇ ਕਦੇ ਬਦਅਮਨੀ ਫੈਲੀ ਤਾਂ ਕੇਂਦਰ ਨੇ ਬਦਅਮਨੀ ਦਬਾਉਣ ਦੇ ਨਾਂ ਉਤੇ ਭੇਜੇ ਗਏ ਸੁਰੱਖਿਆ ਦਲਾਂ ਦਾ ਖਰਚਾ ਵੀ ਪੰਜਾਬ ਤੋਂ ਹੀ ਵਸੂਲਿਆ। ਦੇਸ਼ ਦੇ ਕਮਾਊ ਪੁੱਤ ਪੰਜਾਬ ਸਿਰ ਐਵੇਂ ਨਹੀਂ ਪੌਣੇ ਤਿੰਨ ਲੱਖ ਕਰੋੜ ਦਾ ਕਰਜ਼ਾ ਚੜ੍ਹਿਆ। ਪੰਜਾਬੀਆਂ ਨੇ ਸਰਹੱਦਾਂ ਦੀ ਰਾਖੀ ਲਈ ਵਧ ਚੜ੍ਹ ਕੇ ਜਾਨਾਂ ਵਾਰੀਆਂ ਅਤੇ ਭੁੱਖੇ ਮਰਦੇ ਦੇਸ਼ ਦਾ ਢਿੱਡ ਭਰਿਆ। ਇਨਾਮ ਮਿਲਿਆ ਪੰਜਾਬੀਆਂ ਸਿਰ ਕਰਜ਼ਾ, ਭੁੱਖ-ਨੰਗ ਤੇ ਦੇਸ਼ ਨਿਕਾਲਾ! ਪੰਜਾਬੀ ਹੁਣ ਵਾਹੋਦਾਹੀ ਪੰਜਾਬ ਤੋਂ ਭੱਜੇ ਜਾ ਰਹੇ ਹਨ।

ਉੱਧਰ ਕੇਂਦਰ ਦੀ ਨੀਤੀ ਦੇਖੋ: ਪੰਜਾਬ ਦੀਆਂ ਨਹਿਰਾਂ, ਕੱਸੀਆਂ ਤੇ ਸੂਏ ਭਾਵੇਂ ਦਰਿਆਈ ਪਾਣੀਆਂ ਨੂੰ ਤਰਸਦੇ ਰਹਿਣ, ਧਰਤੀ ਹੇਠਲਾ ਪਾਣੀ ਭਾਵੇਂ ਡੂੰਘੇ ਪਤਾਲ ਵਿਚ ਚਲਾ ਜਾਵੇ ਪਰ ਪੰਜਾਬ ਦਾ ਦਰਿਆਈ ਪਾਣੀ ਰਾਜਸਥਾਨ, ਹਰਿਆਣੇ ਤੇ ਦਿੱਲੀ ਨੂੰ ਦੇਣਾ ਹੀ ਦੇਣਾ ਹੈ। ਕਦੇ ਕਿਸੇ ਨੇ ਕਿਹਾ ਕਿ ਜਮਨਾ ਦਾ ਕੁਝ ਪਾਣੀ ਦੇਸ਼ ਲਈ ਮਰ ਮਿਟਣ ਵਾਲੇ ਪੰਜਾਬ ਨੂੰ ਵੀ ਦੇ ਦਿੱਤਾ ਜਾਵੇ?

**ਪੰਜਾਬ ਵਿਚ ਹੁਣ ਤਕ ਵੱਡੀ ਸਨਅਤ ਇਸ ਬਹਾਨੇ ਨਹੀਂ ਦਿੱਤੀ ਗਈ ਕਿ ਇਹ ਸੂਬਾ ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਹੈ। ਖ਼ਦਸ਼ਾ ਪ੍ਰਗਟਾਇਆ ਜਾਂਦਾ ਹੈ ਕਿ ਸਨਅਤ ਉਜੜ ਸਕਦੀ ਹੈ। ਪੰਜਾਬ ਪਾਸ ਜੋ ਮਾੜੀ ਮੋਟੀ ਸਨਅਤ ਸੀ, ਉਹ ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦੇ ਕੇ ਪੰਜਾਬ ਤੋਂ ਬਾਹਰ ਤੋਰ ਦਿੱਤੀ ਗਈ ਹੈ।**

ਦੁਨੀਆ ਭਰ ਵਿਚ ਰਿਪੇਰੀਅਨ ਸਿਧਾਂਤ, ਅਧਿਕਾਰ ਤੇ ਕਾਨੂੰਨ ਲਾਗੂ ਹੈ ਕਿ ਕੁਦਰਤੀ ਨਦੀਆਂ ਤੇ ਦਰਿਆ ਉਨ੍ਹਾਂ ਦੇ ਹੁੰਦੇ ਹਨ ਜਿਨ੍ਹਾਂ ਦੀ ਜ਼ਮੀਨ ਵਿਚ ਉਹ ਵਗਦੇ ਹਨ। ਪੰਜਾਬ ਦੇ ਦਰਿਆਵਾਂ ਨੇ ਪੰਜਾਬੀਆਂ ਦੀ ਜ਼ਮੀਨ ਹੀ ਨੱਪੀ ਹੋਈ ਹੈ ਜੋ ਅਰਬਾਂ ਖਰਬਾਂ ਦੀ ਹੈ। ਜਿਹੜੇ ਲੋਕ ਦਰਿਆਵਾਂ ਦੇ ਕੰਢਿਆਂ ਉੱਤੇ ਰਹਿੰਦੇ ਹਨ, ਉਹੀ ਦਰਿਆਵਾਂ ਦੇ ਦੁਖ-ਸੁਖ ਦੇ ਭਾਗੀਦਾਰ ਹੁੰਦੇ ਹਨ। ਜੇ ਸੁੱਖ ਮਾਣਦੇ ਹਨ ਤਾਂ ਹੜ੍ਹ ਆਉਣ ਤੇ ਉਹੀ ਦਰਿਆਵਾਂ ਦਾ ਦੁੱਖ ਵੀ ਜਰਦੇ ਹਨ। ਇਨ੍ਹੀਂ ਦਿਨੀਂ ਆਏ ਹੜ੍ਹਾਂ ਨੇ ਪੰਜਾਬੀਆਂ ਦਾ ਕਈ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਕਰ ਦਿੱਤਾ ਹੈ। ਜਿਨ੍ਹਾਂ ਸੂਬਿਆਂ ਨੇ ਮੁਫ਼ਤ ਵਿਚ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਿਆ, ਕੀ ਉਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਬਣਦੀ ਕਿ ਔਖੇ ਵੇਲੇ ਪੰਜਾਬ ਦੀ ਮਦਦ ਕਰਨ? ਰਾਜਸਥਾਨ ਵਿਚ ਪੰਜਾਬੀ ਜ਼ਮੀਨ ਤਾਂ ਖਰੀਦ ਨਹੀਂ ਸਕਦੇ ਪਰ ਉਥੋਂ ਦੀ ਮਿੱਟੀ, ਭਾਵ ਪੱਥਰ ਖਰੀਦ ਸਕਦੇ ਹਨ ਤੇ ਮਹਿੰਗਾ ਮੁੱਲ ਤਾਰ ਕੇ ਖਰੀਦਦੇ ਵੀ ਹਨ। ਫਿਰ ਪੰਜਾਬ ਦੇ ਪਾਣੀ ਦਾ ਮੁੱਲ ਉਹ ਕਿਉਂ ਨਹੀਂ ਤਾਰਦੇ?

ਪੰਜਾਬ ਸਿਰ ਚੜ੍ਹਿਆ ਅਰਬਾਂ ਖਰਬਾਂ ਦਾ ਕਰਜ਼ਾ ਨਿਰੀਆਂ ਫੈਲਸੂਫੀਆਂ ਦਾ ਨਹੀਂ, 1947 ਤੋਂ ਕੇਂਦਰ ਦੇ ਕੀਤੇ ਜਾ ਰਹੇ ਵਿਤਕਰੇ ਕਾਰਨ ਵੀ ਹੈ। ਇਹ ਵਿਤਕਰਾ ਸ਼ਰੇਆਮ ਦਿਸ ਰਿਹਾ ਹੈ। ਤਦੇ ਤਾਂ ਕਈ ਸੂਬੇ ਫੈਡਰਲ ਢਾਂਚੇ ਦੀ ਮੰਗ ਕਰਦੇ ਹਨ। ਪੰਜਾਬ ਵਿਚ ਹੁਣ ਤਕ ਵੱਡੀ ਸਨਅਤ ਇਸ ਬਹਾਨੇ ਨਹੀਂ ਦਿੱਤੀ ਗਈ ਕਿ ਇਹ ਸੂਬਾ ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਹੈ। ਖ਼ਦਸ਼ਾ ਪ੍ਰਗਟਾਇਆ ਜਾਂਦਾ ਹੈ ਕਿ ਸਨਅਤ ਉਜੜ ਸਕਦੀ ਹੈ। ਪੰਜਾਬ ਪਾਸ ਜੋ ਮਾੜੀ ਮੋਟੀ ਸਨਅਤ ਸੀ, ਉਹ ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦੇ ਕੇ ਪੰਜਾਬ ਤੋਂ ਬਾਹਰ ਤੋਰ ਦਿੱਤੀ ਗਈ ਹੈ। ਹਰਿਆਣਾ ਬਣਨ ਤੋਂ ਪਹਿਲਾਂ ਪੰਜਾਬ ਸਨਅਤ ਦਾ ਧੁਰਾ ਫਰੀਦਾਬਾਦ ਸੀ ਜੋ ਹਰਿਆਣੇ ਵਿਚ ਚਲਿਆ ਗਿਆ। ਪੰਜਾਬ ਕਦੇ ਉਸ ਇੰਡਸਟਰੀ ਦੇ ਅਸਾਸੇ ਦਾ 60 ਫੀਸਦੀ ਹਿੱਸਾ ਮੰਗ ਕੇ ਤਾਂ ਦੇਖੇ, ਅੱਗਿਓਂ ਕੀ ਜਵਾਬ ਮਿਲਦਾ ਹੈ? ਅਗਲਿਆਂ ਨੇ ਤਾਂ 1982 ਦੀਆਂ ਏਸ਼ਿਆਈ ਖੇਡਾਂ ਦੌਰਾਨ ਪੰਜਾਬੀਆਂ ਦਾ ਹਰਿਆਣੇ ਵਿਚ ਦੀ ਦਿੱਲੀ ਜਾਣਾ ਵੀ ਬੰਦ ਕਰ ਦਿੱਤਾ ਸੀ!

ਪੰਜਾਬ ਕੋਲ ਆਮਦਨ ਦਾ ਵਸੀਲਾ ਲੈ ਦੇ ਕੇ ਖੇਤਾਂ ਦੀ ਉਪਜ ਹੀ ਹੈ ਜੋ ਪਾਣੀ ਉਤੇ ਨਿਰਭਰ ਹੈ। ਦਰਿਆਈ ਪਾਣੀ ਦੀ ਘਾਟ ਕਾਰਨ ਪੰਜਾਬੀਆਂ ਨੂੰ 15 ਲੱਖ ਟਿਊਬਵੈੱਲ ਖੇਤਾਂ ਵਿਚ ਅਤੇ ਓਦੂੰ ਵੱਧ ਪਿੰਡਾਂ ਸ਼ਹਿਰਾਂ ਵਿਚ ਲਾਉਣੇ ਪਏ ਹਨ। ਹਰ ਸਾਲ ਟਿਊਬਵੈੱਲ ਡੂੰਘੇ ਤੋਂ ਡੂੰਘੇ ਕਰਦਿਆਂ ਅਰਬਾਂ ਰੁਪਏ ਖਰਚ ਹੋਏ ਹਨ ਤੇ ਸੈਂਕੜੇ ਫੁੱਟ ਡੂੰਘੇ ਪਾਣੀ ਖਿੱਚਣ ਲਈ ਮੋਟਰਾਂ ਦੀ ਹਾਰਸ ਪਾਵਰ ਵਧਾ ਕੇ ਅਰਬਾਂ ਖਰਬਾਂ ਦੀ ਬਿਜਲੀ ਫੂਕਣੀ ਪਈ ਹੈ। ਸਿਆਪਾ ਸਾਰਾ ਪੰਜਾਬ ਦੇ ਦਰਿਆਈ ਪਾਣੀ, ਇਹਦੇ ਅਸਲੀ ਹੱਕਦਾਰ ਪੰਜਾਬ ਨੂੰ ਨਾ ਮਿਲਣ ਦੀ ਥੁੜ੍ਹ ਦਾ ਹੈ। ਪੰਜਾਬ ਦਿਨੋ-ਦਿਨ ਬੰਜਰ ਹੋਣ ਵੱਲ ਵਧ ਰਿਹਾ ਹੈ। ਬੇਰੁਜ਼ਗਾਰ ਜੁਆਨੀ ਵਿਦੇਸ਼ਾਂ ਨੂੰ ਉਡੀ ਜਾ ਰਹੀ ਹੈ ਤੇ ਜਿਹੜੇ ਉੱਡ ਨਹੀਂ ਸਕਦੇ, ਉਹ ਨਸ਼ੇ-ਪੱਤੇ ਵਿਚ ਗ਼ਲਤਾਨ ਹੋ ਕੇ ਮਰ-ਖਪ ਰਹੇ ਹਨ। ਪੰਜਾਬ ਦੇ ਹਾਲਾਤ ਹੁਣ ਉਹੋ ਜਿਹੀ ਹੈ: ਜਦੋਂ ਰੋਮ ਸੜ ਰਿਹਾ ਸੀ ਤਾਂ ਉਹਦਾ ਹਾਕਮ ਨੀਰੋ ਬੰਸਰੀ ਵਜਾ ਰਿਹਾ ਸੀ! ਸਾਡੇ ਹਾਕਮ ਵੀ ਨੀਰੋ ਹੀ ਬਣੇ ਹੋਏ ਹਨ। ਜੇ ਕੇਰਲ, ਮੱਧ ਪ੍ਰਦੇਸ਼, ਕਰਨਾਟਕ ਤੇ ਰਾਜਸਥਾਨ ਦੇ ਕਿਸਾਨ ਪੰਜ ਏਕੜ ਦੀ ਮਾਲਕੀ ਨਾਲ ਆਪਣੇ ਖੇਤ ਵਿਚ ਮਨਰੇਗਾ ਦੀਆਂ ਸੌ ਦਿਹਾੜੀਆਂ ਲਾਉਣ ਦੇ ਹੱਕਦਾਰ ਹਨ ਅਤੇ ਪੈਸੇ ਵਸੂਲਦੇ ਹਨ ਤਾਂ ਪੰਜਾਬ ਦੇ ਪੰਜ ਏਕੜ ਵਾਲੇ ਕਿਸਾਨ ਕਿਉਂ ਨਹੀਂ ਵਸੂਲ ਸਕਦੇ? ਮਨਰੇਗਾ ਐਕਟ-2012 ਉਤੇ ਅਮਲ ਦੀ ਪੰਜਾਬ ਵਿਚ ਅਣਦੇਖੀ ਕਿਉਂ? ਚੰਡੀਗੜ੍ਹ ਤੇ ਹਰਿਆਣੇ ਵਿਚ ਬੁਢਾਪਾ ਪੈਨਸ਼ਨ ਵੱਧ ਹੈ, ਪੰਜਾਬ ਵਿਚ ਘੱਟ ਕਿਉਂ? ਪੰਜਾਬ ਵਿਚ ਬਿਜਲੀ ਸਭ ਤੋਂ ਮਹਿੰਗੀ ਕਿਉਂ? ਪੰਜਾਬ ਦੇ ਦਰਿਆਈ ਪਾਣੀ ਦੀ ਲੁੱਟ ਕਿਉਂ ਤੇ ਪੰਜਾਬ ਦੀ ਆਮਦਨ ਦੇ ਇਕੋ ਇਕ ਜਰੀਏ ਖੇਤੀਬਾੜੀ ਦੀਆਂ ਜਿਣਸਾਂ ਦੀ ਲੁੱਟ ਕਿਉਂ? ਕਿਥੇ ਸੁੱਤੀਆਂ ਹਨ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ? ਕੀ ਇਹ ਬਦਨੀਤੀ ਤਾਂ ਨਹੀਂ ਕਿ ਪੰਜਾਬੀਆਂ ਨੂੰ ਪੰਜਾਬ ਦੀ ਧਰਤੀ ਤੋਂ ਇਕ ਵਾਰ ਫਿਰ ਉਜਾੜ ਦਿਓ ਤੇ ਐਸੇ ਉਜਾੜੋ ਕਿ ਮੁੜ ਕੇ ਉਹ ਪੰਜਾਬ ਵੱਲ ਮੂੰਹ ਨਾ ਕਰਨ?

**, 1947 ਤੋਂ ਕੇਂਦਰ ਦੇ ਕੀਤੇ ਜਾ ਰਹੇ ਵਿਤਕਰੇ ਕਾਰਨ ਵੀ ਹੈ। ਇਹ ਵਿਤਕਰਾ ਸ਼ਰੇਆਮ ਦਿਸ ਰਿਹਾ ਹੈ। ਤਦੇ ਤਾਂ ਕਈ ਸੂਬੇ ਫੈਡਰਲ ਢਾਂਚੇ ਦੀ ਮੰਗ ਕਰਦੇ ਹਨ।**

ਦੋ ਮਹੀਨੇ ਪਹਿਲਾਂ ਜੂਨ ਵਿਚ ਹੀ ਪਤਾ ਲੱਗ ਗਿਆ ਸੀ ਕਿ ਐਤਕੀਂ ਭਾਖੜੇ ਦਾ ਗੋਬਿੰਦ ਸਾਗਰ ਭਰਪੂਰ ਹੈ। ਜੇ ਜੂਨ ਜੁਲਾਈ ਵਿਚ ਮੀਂਹ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੰਜਾਬ ਦੇ ਦਰਿਆਵਾਂ ਵਿਚ ਹਿਸਾਬ ਕਿਤਾਬ ਦਾ ਪਾਣੀ ਛੱਡਿਆ ਜਾਂਦਾ ਰਹਿੰਦਾ ਤਾਂ ਉਸ ਪਾਣੀ ਦਾ ਕਾਫੀ ਹਿੱਸਾ ਪੰਜਾਬ ਦੀ ਧਰਤੀ ਵਿਚ ਹੀ ਸਮਾ ਜਾਣਾ ਸੀ ਜੋ ਬਾਅਦ ਵਿਚ ਕੰਮ ਆਉਂਦਾ। ਫਿਰ ਨਾ ਹੜ੍ਹ ਆਉਂਦਾ, ਨਾ ਲੋਕਾਂ 'ਤੇ ਆਫ਼ਤ ਆਉਂਦੀ ਅਤੇ ਨਾ ਹਜ਼ਾਰਾਂ ਕਰੋੜਾਂ ਦਾ ਨੁਕਸਾਨ ਹੁੰਦਾ। ਪੰਜਾਬ ਤਾਂ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਹੈ। ਕੀ ਕੇਂਦਰ ਅਤੇ ਜਿਹੜੇ ਪ੍ਰਾਂਤ ਪੰਜਾਬ ਦੇ ਦਰਿਆਈ ਪਾਣੀਆਂ ਦਾ ਲਾਭ ਲੈ ਰਹੇ ਹਨ, ਉਹ ਇਸ ਨੁਕਸਾਨ ਦੀ ਪੂਰਤੀ ਕਰਨਗੇ?

ਆਉਂਦੇ ਦਿਨਾਂ ਵਿਚ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ। ਜਿਵੇਂ ਚੋਣਾਂ ਮੌਕੇ ਅਕਸਰ ਹੁੰਦਾ ਆਇਆ ਹੈ, ਐੱਸਵਾਈਐੱਲ ਦਾ ਮੁੱਦਾ ਮੁੜ ਭਖ ਪਿਆ ਹੈ। ਪੰਜਾਬ ਪਹਿਲਾਂ ਹੀ ਸੋਕੇ/ਡੋਬੇ ਦਾ ਮਾਰਿਆ ਪਿਆ ਹੈ। ਇਸ ਸਮੇਂ ਵਗਦੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਮਾਪੇ ਬਿਨਾ ਜੇ ਫੈਸਲਾ ਹੋਰ ਪਾਣੀ ਹਰਿਆਣੇ ਨੂੰ ਦੇਣ ਦਾ ਆ ਗਿਆ ਤਾਂ ਸਿਆਪੇ ਪੈਣਗੇ। ਅਜੇ ਤਾਂ ਭਗਤ ਰਵਿਦਾਸ ਜੀ ਦੇ ਮੰਦਰ ਨੂੰ ਢੁਹਾਉਣ ਦਾ ਮਸਲਾ ਹੀ ਹੱਲ ਨਹੀਂ ਹੋ ਰਿਹਾ।ਕੀ ਇਹ ਖ਼ਾਬ ਖ਼ਿਆਲ ਤਾਂ ਨਹੀਂ ਕਿ ਪੰਜਾਬ ਨੂੰ ਚੰਡੀਗੜ੍ਹ ਵਾਂਗ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਕੇ ਪੰਜਾਬ ਰਾਜ ਦਾ ਦਰਜਾ ਹੀ ਖ਼ਤਮ ਕਰ ਦਿੱਤਾ ਜਾਵੇ ਅਤੇ ਪੰਜਾਬ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਕੇਂਦਰ ਸਰਕਾਰ ਆਪਣਾ ਉਪ ਰਾਜਪਾਲ ਲਾ ਦੇਵੇ? ਫਿਰ ਫੌਜੀ ਸ਼ਕਤੀ ਨਾਲ ਹੀ ਨਹਿਰ ਕੱਢੀ ਜਾਵੇ!

# ਛੋਟੀਆਂ ਪਰ ਕੰਮ ਦੀਆਂ ਗੱਲਾਂ



- ਫਟੀਆਂ ਅੱਡੀਆਂ ਤੋਂ ਛੁਟਕਾਰਾ ਪਾਉਣ ਲਈ ਕੱਚੇ ਅੰਬ ਨੂੰ ਉਬਾਲੋ। ਜਦੋਂ ਉਹ ਠੰਢਾ ਹੋ ਜਾਵੇ ਤਾਂ ਉਸ ਦੇ ਗੁੱਦੇ ਨੂੰ ਫਟੀਆਂ ਅੱਡੀਆਂ 'ਤੇ ਰਗੜੋ।
- ਆਲੂ ਤਲਣ ਤੋਂ ਪਹਿਲਾਂ ਉਸ ਵਿਚ ਹਲਕਾ ਸੁੱਕਾ ਮੈਦਾ ਛਿੜਕੋ। ਆਲੂ ਜ਼ਿਆਦਾ ਖਸਤਾ ਬਣਨਗੇ।
- ਚਮੜੇ ਦੇ ਪਰਸ ਜਾਂ ਬੈਲਟ ਨੂੰ ਨਵੀਂ ਦਿੱਖ ਦੇਣ ਲਈ ਉਸ 'ਤੇ ਨਿੰਬੂ ਦੀ ਛਿੱਲ ਰਗੜੋ।
- ਕੀੜੇ-ਮਕੌੜਿਆਂ ਤੋਂ ਛੁਟਕਾਰਾ ਪਾਉਣ ਲਈ ਘਰ ਦੇ ਹਨੇਰੇ ਕੋਨਿਆਂ ਵਿਚ ਹਲਦੀ ਪਾਊਡਰ ਛਿੜਕ ਦਿਓ।
- ਨਹਾਉਣ ਤੋਂ ਪਹਿਲਾਂ ਪਾਣੀ ਦੀ ਬਾਲਟੀ ਵਿਚ ਦੋ ਚਮਚ ਨਾਰੀਅਲ ਦਾ ਤੇਲ ਪਾਓ। ਚਮੜੀ 'ਤੇ ਅਨੋਖੀ ਚਮਕ ਮਹਿਸੂਸ ਕਰੋਗੇ।

- ਦਾਲ ਫਰਾਈ ਨੂੰ ਸੰਘਣੀ ਬਣਾਉਣ ਲਈ ਇਕ ਛੋਟੀ ਕਟੋਰੀ ਉਬਲੀ ਦਾਲ ਨੂੰ ਮਿਕਸੀ ਵਿਚ ਫੈਂਟ ਲਓ। ਉਸ ਨੂੰ ਬਾਕੀ ਦਾਲ ਵਿਚ ਮਿਲਾ ਦਿਓ।
- ਨਵੀਂ ਜੁੱਤੀ ਜਿੱਥੋਂ ਪੈਰ ਨੂੰ ਕੱਟ ਰਹੀ ਹੋਵੇ, ਉਥੋਂ ਜੁੱਤੀ ਦੀ ਅੰਦਰੂਨੀ ਜਗ੍ਹਾ 'ਤੇ ਮੋਮ ਨੂੰ ਰਗੜੋ।
- ਸਬਜ਼ੀ ਜ਼ਿਆਦਾ ਤਿੱਖੀ ਬਣ ਗਈ ਹੋਵੇ ਤਾਂ ਉਸ ਵਿਚ ਥੋੜ੍ਹੀ ਟਮੈਟੋ ਸਾਸ ਪਾਓ।
- ਚੋਕਰ ਦੀ ਵਰਤੋਂ ਚਮੜੀ ਸਕਰੱਬ ਦੇ ਰੂਪ ਵਿਚ ਕਰ ਸਕਦੇ ਹੋ। ਚੋਕਰ ਦੇ ਖੁਰਦਰੇਪਨ ਨੂੰ ਘੱਟ ਕਰਨ ਲਈ ਚੋਕਰ ਨੂੰ ਦੁੱਧ ਵਿਚ ਮਿਲਾ ਕੇ ਉਸ ਦਾ ਪੇਸਟ ਬਣਾਓ।
- ਸਰਦੀਆਂ ਵਿਚ ਨਾਰੀਅਲ ਦਾ ਤੇਲ ਨਾ ਜੰਮੇ, ਇਸ ਵਾਸਤੇ ਉਸ ਵਿਚ ਕੁਝ ਬੂੰਦਾਂ ਕੈਸਟਰ ਆਇਲ ਦੀਆਂ ਪਾਓ। ਤੇਲ ਨਹੀਂ ਜੰਮੇਗਾ।
- ਮੂੰਹ ਦੀ ਬਦਬੂ ਦੂਰ ਕਰਨ ਲਈ ਨਿੰਬੂ ਦੇ ਰਸ ਅਤੇ ਗੁਲਾਬ ਜਲ ਨੂੰ ਮਿਲਾ ਕੇ ਗਰਾਰੇ ਕਰੋ।
- ਸੂਤੀ ਕੱਪੜਿਆਂ ਦੇ ਦਾਗ ਦੂਰ ਕਰਨ ਲਈ ਨਿੰਬੂ 'ਤੇ ਨਮਕ ਪਾ ਕੇ ਦਾਗ ਵਾਲੀ ਜਗ੍ਹਾ 'ਤੇ ਰਗੜਨ ਤੋਂ ਬਾਅਦ ਧੋ ਦਿਓ, ਦਾਗ ਦੂਰ ਹੋ ਜਾਣਗੇ।



# ਲੋਕ ਸਭਾ ਚੋਣਾਂ 2024 ਵਿੱਚ ਪੀਲੀ ਪੱਤਰਕਾਰੀ ਦੀ ਭੂਮਿਕਾ

**ਸੰਦੀਪ ਕੁਮਾਰ**

ਪੀਲੀ ਪੱਤਰਕਾਰੀ, ਜਿਸਨੂੰ ਅੰਗਰੇਜ਼ੀ ਵਿੱਚ ਜੈਲੋ ਜਰਨਲਿਸਮ ਕਿਹਾ ਜਾਂਦਾ ਹੈ, ਇੱਕ ਐਸੀ ਪੱਤਰਕਾਰੀ ਹੈ, ਜਿਸ ਵਿੱਚ ਸਨਸਨੀਖੇਜ਼ ਸਿਰਲੇਖ, ਅਧੂਰੀ ਜਾਂ ਭ੍ਰਮਿਤ ਜਾਣਕਾਰੀ, ਵਿਅਕਤੀਗਤ ਹਮਲੇ ਅਤੇ ਅਸਲ ਸੱਚਾਈ ਤੋਂ ਹੱਟ ਕੇ ਖ਼ਬਰਾਂ ਨੂੰ ਪੇਸ਼ ਕਰਨਾ ਸ਼ਾਮਲ ਹੁੰਦਾ ਹੈ। ਇਸ ਦਾ ਮੁੱਖ ਮਕਸਦ ਪਾਠਕਾਂ ਅਤੇ ਦਰਸ਼ਕਾਂ ਦਾ ਧਿਆਨ ਖਿਚਣਾ ਅਤੇ ਮੀਡੀਆ ਘਰਾਂ ਦੀ ਰੇਟਿੰਗ ਅਤੇ ਵਿਕਰੀ ਵਧਾਉਣਾ ਹੁੰਦਾ ਹੈ। ਭਾਰਤ ਵਿੱਚ ਪੀਲੀ ਪੱਤਰਕਾਰੀ ਦੀ ਸ਼ੁਰੂਆਤ ਵਰਤਮਾਨ ਯੁੱਗ ਵਿੱਚ ਨਹੀਂ ਹੋਈ ਹੈ, ਪਰ ਇਸਦਾ ਜ਼ਿਕਰ ਵਿਸ਼ੇਸ਼ ਤੌਰ 'ਤੇ 1990 ਦੇ ਦਹਾਕੇ ਵਿੱਚ ਹੋਣ ਲੱਗਾ, ਜਦੋਂ ਸੈਟੇਲਾਈਟ ਟੀਵੀ ਚੈਨਲਾਂ ਦੀ ਆਮਦ ਹੋਈ। ਇਸਦੇ ਨਾਲ ਹੀ ਅਖਬਾਰਾਂ ਦੇ ਝੁਕਾਅ ਵਿੱਚ ਵੀ ਬਦਲਾਅ ਆਇਆ। ਮੀਡੀਆ ਘਰਾਂ ਨੇ ਲੋਕਾਂ ਦੀ ਰੁਚੀ ਨੂੰ ਧਿਆਨ ਵਿੱਚ ਰੱਖਦੇ ਹੋਏ ਖ਼ਬਰਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਸ਼ੁਰੂ ਕੀਤਾ। ਇਸ ਤਰੀਕੇ ਨਾਲ ਉਹ ਪੜ੍ਹਨ ਵਾਲਿਆਂ ਦਾ ਧਿਆਨ ਖਿਚਣ ਅਤੇ ਆਪਣੀ ਵਿਕਰੀ ਵਧਾਉਣ ਵਿੱਚ ਸਫ਼ਲ ਰਹੇ। ਭਾਰਤ ਵਿੱਚ, ਜਿਥੇ ਮੀਡੀਆ ਦਾ ਰੋਲ ਬਹੁਤ ਹੀ ਪ੍ਰਭਾਵਸ਼ਾਲੀ ਹੈ, ਪੀਲੀ ਪੱਤਰਕਾਰੀ ਸਿਆਸੀ ਮਾਹੌਲ ਨੂੰ ਕਾਫੀ ਹੱਦ ਤੱਕ ਬਦਲਣ ਵਿੱਚ ਕਾਮਯਾਬ ਰਹੀ ਅਤੇ ਚੋਣ ਨਤੀਜਿਆਂ ਵਿੱਚ ਕਾਫੀ ਪ੍ਰਭਾਵ ਪਾਇਆ। ਜਦੋਂ ਕਿ ਮੀਡੀਆ ਦਾ ਮੁੱਖ ਕੰਮ ਸਚਾਈ ਨੂੰ ਬਿਆਨ ਕਰਨਾ ਅਤੇ ਜਨਤਕ ਰਾਏ ਨੂੰ ਸਹੀ ਜਾਣਕਾਰੀ ਪ੍ਰਦਾਨ ਕਰਨਾ ਹੈ, ਪੀਲੀ ਪੱਤਰਕਾਰੀ ਇਸ ਭਰੋਸੇ ਨੂੰ ਤੋੜਦੀ ਹੈ ਅਤੇ ਸਿਆਸੀ ਹਾਲਾਤਾਂ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕਰਦੀ ਹੈ। ਅਜਿਹੀ ਪੱਤਰਕਾਰੀ ਵਿੱਚ ਜਦੋਂ ਵੀ ਸਿਆਸੀ ਚੋਣਾਂ ਦਾ ਮੌਕਾ ਹੁੰਦਾ ਹੈ, ਇਹ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂਆਂ ਲਈ ਹਥਿਆਰ ਬਣ ਸਕਦੀ ਹੈ। ਲੋਕਸਭਾ ਚੋਣਾਂ 2024 ਵਿੱਚ ਪੀਲੀ ਪੱਤਰਕਾਰੀ ਦੀ ਭੂਮਿਕਾ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ। ਲੋਕਸਭਾ ਚੋਣਾਂ 2024 ਵਿੱਚ, ਪੀਲੀ ਪੱਤਰਕਾਰੀ ਦੀ ਭੂਮਿਕਾ ਵੱਡੀ ਅਤੇ ਸਮੇਂ-ਸਿਰ ਦਿਖਾਈ ਦਿੰਦੀ ਰਹੀ ਹੈ।

ਪੀਲੀ ਪੱਤਰਕਾਰੀ ਦਾ ਇਸਤੇਮਾਲ ਸਿਆਸੀ ਪਾਰਟੀਆਂ ਵੱਲੋਂ ਇੱਕ ਹਥਿਆਰ ਵਜੋਂ ਵਰਤਿਆ। ਜਿਵੇਂ ਕਿ ਉਨ੍ਹਾਂ ਦੇ ਵਿਰੋਧੀਆਂ ਨੂੰ ਬਦਨਾਮ ਕਰਨ ਲਈ, ਜਨਤਕ ਧਿਆਨ ਨੂੰ ਖਿੱਚਣ ਲਈ ਅਤੇ ਆਪਣੇ ਹੱਕ ਵਿੱਚ ਲਹਿਰ ਬਣਾਉਣ ਲਈ। ਸਨਸਨੀਖੇਜ਼ ਖ਼ਬਰਾਂ ਅਤੇ ਸਨਸਨੀਖੇਜ਼ ਦਾਅਵੇ ਉਨ੍ਹਾਂ ਦੇ ਹੱਕ ਵਿੱਚ ਰਾਏ ਬਣਾਉਣ ਲਈ ਵਰਤੇ ਜਾ ਰਹੇ ਸਨ। ਅਜਿਹੀ ਸਥਿਤੀ ਵਿੱਚ, ਖ਼ਬਰਾਂ ਦੀ ਸਚਾਈ ਦੀ ਪੜਤਾਲ ਕਰਨਾ ਮੁਸ਼ਕਲ ਹੋ ਗਿਆ ਅਤੇ ਜਨਤਕ ਰਾਏ ਨੂੰ ਗਲਤ ਢੰਗ ਨਾਲ ਮੋੜਿਆ ਗਿਆ। ਪੀਲੀ ਪੱਤਰਕਾਰੀ ਦਾ ਸਭ ਤੋਂ ਵੱਡਾ ਪ੍ਰਭਾਵ ਜਨਤਕ ਰਾਏ 'ਤੇ ਪਿਆ। ਜਦੋਂ ਲੋਕ ਸਿਆਸੀ ਮਸਲਿਆਂ ਬਾਰੇ ਸਨਸਨੀਖੇਜ਼ ਅਤੇ ਭ੍ਰਮਿਤ ਖ਼ਬਰਾਂ ਦੇ ਅਧਾਰ 'ਤੇ ਆਪਣੇ ਨਿਰਣੇ ਲੈਂਦੇ ਹਨ, ਤਾਂ ਉਹਨਾਂ ਦੇ ਫੈਸਲੇ ਅਕਸਰ ਗਲਤ ਹੋ ਸਕਦੇ ਹਨ। ਇਸ ਤਰ੍ਹਾਂ ਕਰਨਾ ਕਈ ਸਿਆਸੀ ਪਾਰਟੀਆਂ ਦੇ ਹੱਕ ਵਿੱਚ ਜਾਂ ਖਿਲਾਫ਼ ਗਿਆ ਅਤੇ ਚੋਣ ਨਤੀਜਿਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਫੇਕ ਨਿਊਜ਼, ਜਿਹਨਾਂ ਨੂੰ ਪੀਲੀ ਪੱਤਰਕਾਰੀ ਕਹਿੰਦੇ ਹਨ, ਇੰਟਰਨੈੱਟ ਅਤੇ ਸਮਾਜਿਕ ਮੀਡੀਆ ਦੇ ਜ਼ਰੀਏ ਬਹੁਤ ਤੇਜ਼ੀ ਨਾਲ ਫੈਲੀ ਹੈ। ਇਸ ਦਾ ਮਕਸਦ ਜਨਤਕ ਰਾਏ ਨੂੰ ਮੋੜਨਾ, ਵਿਰੋਧੀ ਪਾਰਟੀਆਂ ਨੂੰ ਬਦਨਾਮ ਕਰਨਾ ਅਤੇ ਚੋਣਾਂ ਦੇ ਦੌਰਾਨ ਹਾਲਾਤਾਂ ਨੂੰ ਗੰਭੀਰ ਬਣਾਉਣਾ ਸੀ। ਇਸ ਦੀ ਵਰਤੋਂ ਨਾਲ ਜਨਤਕ ਭਰਮ ਪੈਦਾ ਕੀਤਾ ਗਿਆ। ਇਸ ਤਰ੍ਹਾਂ ਨਿਰੰਤਰ ਸਨਸਨੀਖੇਜ਼ ਅਤੇ ਅਧੂਰੀ ਜਾਣਕਾਰੀ ਦੇਣ ਨਾਲ ਲੋਕਾਂ ਵਿੱਚ ਗਲਤ ਫਹਿਮੀਆਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਨਾਲ ਉਹ ਸਹੀ ਨਿਰਣੇ ਲੈਣ ਵਿੱਚ ਮੁਸ਼ਕਿਲ ਮਹਿਸੂਸ ਕਰਨ ਲਗੇ। ਪੀਲੀ ਪੱਤਰਕਾਰੀ ਸਮਾਜ ਵਿੱਚ ਤਣਾਅ ਪੈਦਾ ਕਰ ਸਕਦੀ ਹੈ। ਸਨਸਨੀਖੇਜ਼ ਅਤੇ ਵਿਵਾਦਪੂਰਨ ਖ਼ਬਰਾਂ ਦੇ ਜ਼ਰੀਏ ਲੋਕਾਂ ਵਿੱਚ ਨਫ਼ਰਤ ਅਤੇ ਵੈਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਜੋ ਸਮਾਜਿਕ ਸਦਭਾਵਨਾਵਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਪੀਲੀ ਪੱਤਰਕਾਰੀ ਦੀ ਵਰਤੋਂ ਮੀਡੀਆ ਦੀ ਨੈਤਿਕਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸੱਚਾਈ ਅਤੇ ਨਿਰਪੱਖਤਾ ਦੇ ਉਲਟ, ਅਜਿਹੀ ਪੱਤਰਕਾਰੀ ਅਖ਼ਬਾਰਾਂ ਅਤੇ ਚੈਨਲਾਂ ਦੀ ਸਾਖ ਨੂੰ ਬਦਨਾਮ ਕਰ ਰਹੀ ਹੈ। ਪੀਲੀ ਪੱਤਰਕਾਰੀ ਸਿਆਸੀ ਪ੍ਰਕਿਰਿਆ ਵਿੱਚ ਦਖ਼ਲ ਦੇ ਰਹੀ ਸੀ। ਇਸ ਨਾਲ ਪਾਰਟੀਆਂ ਅਤੇ ਉਨ੍ਹਾਂ ਦੇ ਆਗੂਆਂ ਦੇ ਵਿਰੁੱਧ ਅਜਿਹੇ ਹਾਲਾਤ ਪੈਦਾ ਕੀਤੇ ਗਏ, ਜਿਨ੍ਹਾਂ ਨੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ। ਲੋਕ ਸਭਾ ਚੋਣਾਂ 2024 ਦੌਰਾਨ ਸਾਰੀਆਂ ਪਾਰਟੀਆਂ ਨੇ ਭਾਵ ਮੌਜੂਦਾ ਧਿਰਾਂ ਅਤੇ ਵਿਰੋਧੀ ਧਿਰਾਂ ਦੋਹਾਂ ਨੇ ਪੀਲੀ ਪੱਤਰਕਾਰੀ ਦੀ ਵਰਤੋਂ ਆਪਣੇ ਹੱਕ ਵਿੱਚ ਲਹਿਰ ਬਣਾਉਣ ਲਈ ਬਹੁਤ ਵੱਡੇ ਪੱਧਰ 'ਤੇ ਕੀਤੀ। ਸੋਸ਼ਲ ਮੀਡੀਆ 'ਤੇ ਕਈ ਬਲਾਗਰ ਤੇ ਯੂ-ਟਿਊਬਰਾਂ ਨੇ ਵੀ ਸੱਚ-ਝੂਠ ਦਾ ਸਹਾਰਾ ਲੈਂਦੇ ਹੋਏ ਪੀਲੀ-ਪੱਤਰਕਾਰੀ ਵਿੱਚ ਆਪਣਾ ਯੋਗਦਾਨ ਪਾਇਆ ਅਤੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ। ਮਿਸਾਲ ਦੇ ਤੌਰ 'ਤੇ ਜਿੱਥੇ ਸੱਤਾ ਧਿਰ ਪਾਰਟੀ ਐਨਡੀਏ ( ਬੀ.ਜੇ.ਪੀ ) ਵੱਲੋਂ 400 ਪਾਰ ਦਾ ਨਾਅਰਾ ਦਿੰਦੇ ਹੋਏ ਇਹ ਪ੍ਰਭਾਵ ਪਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਕਿ ਸਾਡੇ ਵਿਰੋਧ ਵਿੱਚ ਕੋਈ ਵੀ ਪਾਰਟੀ ਖੜਨ ਦੀ ਸਥਿਤੀ ਵਿੱਚ ਨਹੀਂ ਹੈ। ਇਸ ਲਈ ਅਸੀਂ ਆਰਾਮ ਨਾਲ 400 ਤੋਂ ਪਾਰ ਸੀਟਾਂ ਨਾਲ ਪੱਕੇ ਤੌਰ 'ਤੇ ਜਿੱਤ ਪ੍ਰਾਪਤ ਕਰਦੇ ਹੋਏ ਤੀਜੀ ਵਾਰ ਆਪਣੀ ਸਰਕਾਰ ਬਣਾਵਾਂਗੇ ਅਤੇ ਵਿਰੋਧੀ ਧਿਰ ਵੱਲੋਂ ਵੀ ਕਈ ਤਰ੍ਹਾਂ ਦੇ ਲੋਭ ਲਾਲਚ ਦਾ ਪ੍ਰਚਾਰ ਜਨਤਾ ਵਿੱਚ ਕੀਤਾ ਗਿਆ। ਜਿਵੇਂ ਕਿ ਵਿਰੋਧੀ ਧਿਰ ਵੱਲੋਂ 1 ਲੱਖ ਰੁਪਏ ਗਰੀਬ ਮਹਿਲਾਵਾਂ ਨੂੰ ਦੇਣ ਦਾ ਵਾਅਦਾ ਕੀਤਾ ਗਿਆ। ਆਮ ਜਨਤਾ ਵਿੱਚ ਬਹੁਤੇ ਲੋਕ ਇਸ ਪ੍ਰਚਾਰ ਵਿੱਚ ਭਰਮਿਤ ਹੋ ਗਏ ਮੌਜੂਦਾ ਸਰਕਾਰ 400 ਪਾਰ ਹਰ ਹਾਲਤ ਵਿੱਚ ਹੋ ਜਾਵੇਗੀ। ਉਸ ਹਾਲਾਤ ਵਿੱਚ ਅਗਰ ਅਸੀਂ ਵਿਰੋਧ ਕਰੀਏ ਵੀ ਤਾਂ ਮੌਜੂਦਾ ਧਿਰ ਨੂੰ ਇਸ ਦਾ ਕੋਈ ਫਰਕ ਨਹੀਂ ਪਏਗਾ, ਉੱਥੇ ਹੀ ਆਮ ਜਨਤਾ ਵਿੱਚ ਕਈ ਲੋਕਾਂ ਨੇ ਇਸ ਲਾਲਚ ਵਿੱਚ ਉਤਸ਼ਾਹ ਦਿਖਾਇਆ ਕਿ ਸਾਨੂੰ ਹਰ ਸਾਲ ਦਾ 1 ਲੱਖ ਰੁਪਏ ਜਾਂ 8500 ਰੁਪਏ ਮਹੀਨਾ ਮਿਲੇਗਾ। ਪਰ ਕਿਸੇ ਨੇ ਵੀ ਆਮ ਜਨਤਾ ਵਿੱਚ ਇਸ ਗੱਲ ਉੱਤੇ ਧਿਆਨ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਲੋਕ ਸਭਾ ਸੀਟਾਂ ਵਿੱਚੋਂ 400 ਸੀਟਾਂ ਲੈਣਾ ਬੇਹੱਦ ਮੁਸ਼ਕਿਲ ਟੀਚਾ ਹੈ। ਇਸੇ ਤਰ੍ਹਾਂ ਅਗਰ 8500 ਰੁਪਏ ਹਰ ਮਹੀਨੇ ਦੀ ਪੇਸ਼ਕਸ਼ ਦੀ ਗੱਲ ਕਰੀਏ ਤਾਂ ਉਸ ਕੇਸ ਵਿੱਚ ਵੀ ਆਮ ਜਨਤਾ ਵੱਲੋਂ ਇਸ ਬਾਰੇ ਬਿਲਕੁਲ ਵੀ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਕਿ ਅਗਰ ਦੇਸ਼ ਦੀਆਂ 68 ਕਰੋੜ ਦੇ ਲਗਭਗ ਮਹਿਲਾਵਾਂ ਵਿੱਚੋਂ ਅਗਰ ਸਿਰਫ 15 ਕਰੋੜ ਮਹਿਲਾਵਾਂ ਨੂੰ ਹੀ 8500 ਰੁਪਏ ਮਹੀਨਾ ਜਾਂ 1 ਲੱਖ ਰੁਪਏ ਵਿਰੋਧੀ ਧਿਰ ਦੇ ਵਾਅਦੇ ਮੁਤਾਬਕ ਦੇਣਾ ਪਿਆ ਤਾਂ ਉਸਦਾ ਸਲਾਨਾ ਬਜਟ 15 ਲੱਖ ਕਰੋੜ ਰੁਪਏ ਬਣਦਾ ਹੈ ਜਦਕਿ ਪੂਰੇ ਭਾਰਤ ਦਾ ਸਲਾਨਾ ਬਜਟ ਲਗਭਗ 45 ਲੱਖ ਕਰੋੜ ਦੇ ਬਰਾਬਰ ਹੁੰਦਾ ਹੈ।

**ਪੀਲੀ ਪੱਤਰਕਾਰੀ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ?**

ਮੀਡੀਆ ਸੰਸਥਾਵਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਅਤੇ ਸੱਚਾਈ ਅਤੇ ਨਿਰਪੱਖਤਾ ਦਾ ਪਾਲਣ ਕਰਨਾ ਚਾਹੀਦਾ ਹੈ। ਇਸ ਦੇ ਨਾਲ, ਪੱਤਰਕਾਰਾਂ ਨੂੰ ਸੰਵਿਧਾਨਕ ਅਤੇ ਨੈਤਿਕ ਮਿਆਰਾਂ ਦੇ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਸੰਸਥਾਵਾਂ ਨੂੰ ਆਪਣੀਆਂ ਨਿਯਮਾਂਵਲੀ ਬਣਾਈ ਜਾ ਸਕਦੀ ਹੈ ਜੋ ਸਨਸਨੀਖੇਜ਼ ਖ਼ਬਰਾਂ ਦੇ ਪ੍ਰਕਾਸ਼ਨ ਨੂੰ ਰੋਕਣ ਵਿੱਚ ਸਹਾਇਕ ਹੋ ਸਕਦੀ ਹੈ।

ਪੀਲੀ ਪੱਤਰਕਾਰੀ ਨੂੰ ਰੋਕਣ ਲਈ ਸਖ਼ਤ ਨਿਯਮ ਅਤੇ ਵਿਧਾਨ ਲਾਗੂ ਕਰਨੇ ਜ਼ਰੂਰੀ ਹਨ। ਸਰਕਾਰ ਨੂੰ ਮੀਡੀਆ ਉੱਤੇ ਨਿਗਰਾਨੀ ਰੱਖਣੀ ਚਾਹੀਦੀ ਹੈ ਅਤੇ ਪੱਤਰਕਾਰੀ ਦੇ ਮਿਆਰਾਂ ਨੂੰ ਬਰਕਰਾਰ ਰੱਖਣ ਲਈ ਪੱਕੇ ਕਾਨੂੰਨ ਬਨਾਉਣੇ ਚਾਹੀਦੇ ਹਨ।

ਫੈਕਟ-ਚੈਕਿੰਗ ਮਕੈਨਿਜ਼ਮ ਦਾ ਵਿਆਪਕ ਰੂਪ ਵਿੱਚ ਨਿਰਮਾਣ ਅਤੇ ਉਪਯੋਗ ਕਰਨ ਨਾਲ ਪੀਲੀ ਪੱਤਰਕਾਰੀ ਨੂੰ ਰੋਕਿਆ ਜਾ ਸਕਦਾ ਹੈ। ਅਜਿਹੇ ਪਲੇਟਫਾਰਮ ਅਤੇ ਸੇਵਾਵਾਂ ਜੋ ਖ਼ਬਰਾਂ ਅਤੇ ਦਾਅਵਿਆਂ ਦੀ ਪੜਤਾਲ ਕਰਕੇ ਸੱਚਾਈ ਬਾਹਰ ਲਿਆਉਂਦੀਆਂ ਹਨ, ਉਹਨਾਂ ਨੂੰ ਪ੍ਰਮੋਟ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਜਨਤਕ ਵਿਚਾਰ ਨੂੰ ਸੱਚਾਈ ਨਾਲ ਜੋੜਿਆ ਰੱਖਣ ਵਿੱਚ ਮਦਦ ਮਿਲੇਗੀ।

ਸਰਕਾਰ ਨੂੰ ਪੀਲੀ ਪੱਤਰਕਾਰੀ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਚਾਹੀਦੇ ਹਨ। ਜਿਨ੍ਹਾਂ ਪੱਤਰਕਾਰੀ ਸੰਸਥਾਵਾਂ ਜਾਂ ਪੱਤਰਕਾਰਾਂ ਨੇ ਸਿਰਫ਼ ਸਨਸਨੀਖੇਜ਼ ਅਤੇ ਜ਼ਿੰਮੇਵਾਰ ਨਾ ਹੋਣ ਵਾਲੀਆਂ ਖ਼ਬਰਾਂ ਪ੍ਰਕਾਸ਼ਿਤ ਕੀਤੀਆਂ ਹਨ, ਉਹਨਾਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਨਾਲ ਮੀਡੀਆ ਸੰਗਠਨਾਂ ਨੂੰ ਨੈਤਿਕ ਅਤੇ ਜ਼ਿੰਮੇਵਾਰ ਪੱਤਰਕਾਰੀ ਕਰਨ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

ਮੀਡੀਆ ਸੰਸਥਾਵਾਂ ਦੀ ਲਾਇਸੰਸਿੰਗ ਅਤੇ ਨਿਗਰਾਨੀ ਲਈ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਪੱਤਰਕਾਰੀ ਦੇ ਮਿਆਰਾਂ ਨੂੰ ਪਾਲਣਾ ਨਾ ਕਰਨ ਵਾਲੀਆਂ ਸੰਸਥਾਵਾਂ ਉੱਤੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਪੱਤਰਕਾਰਾਂ ਦੀ ਸਿੱਖਿਆ ਅਤੇ ਸੁਰੱਖ਼ਿਆ ਲਈ ਪ੍ਰੋਗਰਾਮ ਬਣਾਏ ਜਾਣੇ ਚਾਹੀਦੇ ਹਨ। ਉਨ੍ਹਾਂ ਨੂੰ ਸਹੀ ਪੱਤਰਕਾਰੀ ਦੇ ਮਿਆਰਾਂ ਬਾਰੇ ਸਿਖਾਇਆ ਜਾਣਾ ਚਾਹੀਦਾ ਹੈ ਅਤੇ ਨਿਰਪੱਖ ਪੱਤਰਕਾਰੀ ਲਈ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ।

ਪੀਲੀ ਪੱਤਰਕਾਰੀ ਦੇ ਖ਼ਤਰੇ ਬਾਰੇ ਜਨਤਕ ਜਾਗਰੂਕਤਾ ਵਧਾਈ ਜਾਣੀ ਚਾਹੀਦੀ ਹੈ। ਲੋਕਾਂ ਨੂੰ ਸਨਸਨੀਖੇਜ਼ ਖ਼ਬਰਾਂ ਅਤੇ ਅਸਲ ਸੱਚਾਈ ਵਿੱਚ ਅੰਤਰ ਕਰਨ ਦੀ ਸਮਝ ਦਿੱਤੀ ਜਾਣੀ ਚਾਹੀਦੀ ਹੈ।

ਅਖੀਰ ਵਿੱਚ ਪੀਲੀ ਪੱਤਰਕਾਰੀ ਨੇ ਲੋਕਸਭਾ ਚੋਣਾਂ 2024 ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜੋ ਸਿਆਸੀ ਦਲਾਂ, ਉਮੀਦਵਾਰਾਂ ਅਤੇ ਜਨਤਕ ਰਾਏ ਨੂੰ ਪ੍ਰਭਾਵਿਤ ਕਰਨ ਦੇ ਯਤਨਾਂ ਵਿੱਚ ਕਾਮਯਾਬ ਰਹੀ ਹੈ। ਇਹ ਸਨਸਨੀਖੇਜ਼ ਅਤੇ ਅਧੂਰੀ ਖ਼ਬਰਾਂ ਦੇ ਜ਼ਰੀਏ ਜਨਤਕ ਰਾਏ ਨੂੰ ਮੋੜ ਸਕਦੀ ਹੈ ਅਤੇ ਚੋਣ ਨਤੀਜਿਆਂ ਨੂੰ ਬਦਲ ਸਕਦੀ ਹੈ। ਇਸ ਤਰੀਕੇ ਦੀ ਪੱਤਰਕਾਰੀ ਸਿਆਸੀ ਮਾਹੌਲ ਨੂੰ ਬਦਲ ਸਕਦੀ ਹੈ ਅਤੇ ਚੋਣ ਨਤੀਜਿਆਂ 'ਤੇ ਵੀ ਪ੍ਰਭਾਵ ਪਾ ਸਕਦੀ ਹੈ। ਇਹ ਸਨਸਨੀਖੇਜ਼ ਸਿਰਲੇਖਾਂ, ਅਧੂਰੀ ਜਾਂ ਭ੍ਰਮਿਤ ਜਾਣਕਾਰੀ, ਨਿਜੀ ਹਮਲੇ, ਅਤੇ ਫੇਕ ਨਿਊਜ਼ ਜਾਂਚਾਂ ਦੁਆਰਾ ਜਨਤਕ ਰਾਏ ਨੂੰ ਮੋੜ ਸਕਦੀ ਹੈ। ਪੀਲੀ ਪੱਤਰਕਾਰੀ ਦਾ ਨੁਕਸਾਨ ਸਿਰਫ਼ ਸਿਆਸੀ ਪੱਧਰ 'ਤੇ ਹੀ ਨਹੀਂ, ਬਲਕਿ ਸਮਾਜਕ ਅਤੇ ਸੰਸਕ੍ਰਿਤਿਕ ਪੱਧਰ 'ਤੇ ਵੀ ਹੋ ਸਕਦਾ ਹੈ। ਕਿਉਂਕਿ ਮੀਡੀਆ ਦਾ ਮੁੱਖ ਕੰਮ ਸੱਚਾਈ ਅਤੇ ਨਿਰਪੱਖਤਾ ਨੂੰ ਪ੍ਰਸਾਰਿਤ ਕਰਨਾ ਹੈ, ਪੀਲੀ ਪੱਤਰਕਾਰੀ ਇਸ ਉਦੇਸ਼ ਨੂੰ ਦਾਗ ਲਾਉਂਦੀ ਹੈ। ਇਸ ਲਈ, ਮੀਡੀਆ ਸੰਗਠਨਾਂ, ਸਰਕਾਰ ਅਤੇ ਸਮਾਜ ਨੂੰ ਸਾਂਝੇ ਤੌਰ 'ਤੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਪੀਲੀ ਪੱਤਰਕਾਰੀ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ ਅਤੇ ਲੋਕਾਂ ਨੂੰ ਸੱਚੀ ਅਤੇ ਨਿਰਪੱਖ ਜਾਣਕਾਰੀ ਮਿਲ ਸਕੇ। ਸਿਰਫ਼ ਇਸ ਤਰੀਕੇ ਨਾਲ ਹੀ ਚੋਣਾਂ ਦੀ ਨਿਰਭਰਤਾ ਅਤੇ ਲੋਕਤੰਤਰ ਦੀ ਮਜ਼ਬੂਤੀ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ।

# ਮੋਬਾਈਲ ਫੋਨਾਂ ਰਾਹੀਂ ਬਣੇ ਰਿਸ਼ਤਿਆਂ ਦਾ ਅੰਤ ਵੀ ਭਿਆਨਕ ਹੁੰਦਾ ਹੈ

**ਸਿਮਰਜੀਤ ਸਿਮੀ**

ਲੰਘੇ ਸਮੇਂ 'ਤੇ ਅਗਰ ਪੰਛੀ ਝਾਤ ਮਾਰੀ ਜਾਵੇ ਤਾਂ ਸੋਚ-ਸੋਚ ਕੇ ਬੇਹੱਦ ਹੈਰਾਨੀ ਹੁੰਦੀ ਹੈ ਕਿ ਦੁਨੀਆਂ ਕਿੰਨੀ ਬਦਲ ਗਈ ਹੈ। ਹੁਣ ਮੋਹ-ਮੁਹੱਬਤ ਤੇ ਅਪਣੱਤ ਰਿਸ਼ਤਿਆਂ ਵਿੱਚੋਂ ਬਿਲਕੁਲ ਮਨਫੀ ਹੁੰਦੀ ਜਾ ਰਹੀ ਹੈ। ਵੱਡੇ ਤਾਂ ਕੀ, ਬੱਚਿਆਂ ਦੇ ਜੀਵਨ ਜਿਉਣ ਦੇ ਢੰਗ 'ਚ ਬੇਇੰਤਹਾ ਫ਼ਰਕ ਪੈ ਗਿਆ ਹੈ। ਅੱਜ-ਕੱਲ੍ਹ ਦੇ ਬੱਚਿਆਂ ਨੂੰ ਨਾ ਤਾਂ ਮਾਪਿਆਂ ਦਾ ਕੋਈ ਡਰ-ਭੈਅ ਰਿਹਾ ਹੈ ਤੇ ਨਾ ਹੀ ਅਧਿਆਪਕਾਂ ਦਾ। ਉਨ੍ਹਾਂ ਦੇ ਮਨਾਂ ਅੰਦਰ ਆਪਣੇ ਵੱਡਿਆਂ ਪ੍ਰਤੀ ਸਤਿਕਾਰ ਘਟ ਗਿਆ ਹੈ। ਉਨ੍ਹਾਂ ਨੂੰ ਵੱਡਿਆਂ ਦਾ ਕੋਈ ਲਿਹਾਜ਼ ਹੀ ਨਹੀਂ ਰਿਹਾ। ਛੋਟੀ ਉਮਰੇ ਹੀ ਇਕ ਨਿੱਕੀ ਜਿਹੀ ਡਿਵਾਈਸ ਮੋਬਾਈਲ ਫੋਨ 'ਚ ਪੂਰਾ ਦਿਨ ਐਨੇ ਗੁਸੇ ਰਹਿੰਦੇ ਹਨ ਕਿ ਉਨ੍ਹਾਂ ਨੂੰ ਹੋਰ ਕਿਸੇ ਨਾਲ ਕੋਈ ਮਤਲਬ ਨਹੀਂ। ਉਨ੍ਹਾਂ ਦੀ ਦੁਨੀਆਂ ਤਾਂ ਇਹ ਮੋਬਾਈਲ ਫੋਨ ਹੀ ਹੈ। ਇਸ ਤੋਂ ਉਹ ਚੰਗੀਆਂ ਗੱਲਾਂ ਘੱਟ ਤੇ ਮਾੜੀਆਂ ਵੱਧ ਸਿੱਖ ਰਹੇ ਹਨ। ਆਪਣੇ ਪਰਿਵਾਰ 'ਚ ਰਹਿ ਕੇ ਵੀ ਉਹ ਉਸ ਨਾਲੋਂ ਕੋਹਾਂ ਦੂਰ ਹੁੰਦੇ ਜਾ ਰਹੇ ਹਨ। ਉਨ੍ਹਾਂ ਨੂੰ ਸਿਰਫ਼ ਆਪਣੀ ਸਮਝ-ਸਿਆਣਪ ਹੀ ਵੱਡੀ ਲੱਗਦੀ ਹੈ। ਆਪਣੇ ਬਜ਼ੁਰਗਾਂ ਨੂੰ ਉਹ ਬਿਲਕੁਲ ਨਾਸਮਝ ਸਮਝਦੇ ਹਨ। ਬੱਚਿਆਂ ਅੰਦਰੋਂ ਨੈਤਿਕ ਕਦਰਾਂ-ਕੀਮਤਾਂ ਖ਼ਤਮ ਹੋ ਜਾਣ ਕਰਕੇ ਉਨ੍ਹਾਂ ਨੂੰ ਵੱਡੇ-ਛੋਟੇ ਨਾਲ ਕੋਈ ਸਰੋਕਾਰ ਹੀ ਨਹੀਂ ਰਿਹਾ। ਉਹ ਆਪ-ਹੁਦਰੀਆਂ ਹੀ ਕਰਦੇ ਫਿਰਦੇ ਹਨ।

ਉਨ੍ਹਾਂ ਨੇ ਆਪਣੇ ਖਾਣ-ਪੀਣ ਤੇ ਪਹਿਨਣ ਦੇ ਢੰਗ ਨੂੰ ਬਿਲਕੁਲ ਬਦਲ ਲਿਆ ਹੈ। ਆਪਣੀ ਅਮੀਰ ਤਹਿਜ਼ੀਬ ਅਤੇ ਰਵਾਇਤੀ ਪਹਿਰਾਵੇ ਨੂੰ ਤੱਜ ਕੇ ਉਹ ਤੇਜ਼ੀ ਨਾਲ ਪੱਛਮ ਦਾ ਪ੍ਰਭਾਵ ਕਬੂਲ ਰਹੇ ਹਨ। ਆਧੁਨਿਕਤਾ ਨੂੰ ਅਪਣਾਉਣਾ ਬਹੁਤ ਚੰਗੀ ਗੱਲ ਹੈ ਪਰ ਬੇਢੰਗੇ ਕੱਪੜੇ ਪਾ ਕੇ ਸਰੀਰ ਦੀ ਨੁਮਾਇਸ਼ ਕਰਨਾ ਸਰਾਸਰ ਗਲਤ ਹੈ। ਉਹ ਸੈਲੀਬ੍ਰਿਟੀਜ਼ ਨੂੰ ਆਪਣਾ ਰੋਲ-ਮਾਡਲ ਮੰਨ ਕੇ ਉਨ੍ਹਾਂ ਦੀ ਨਕਲ ਕਰਦੇ ਹਨ ਪਰ ਇਹ ਨਹੀਂ ਸਮਝਦੇ ਕਿ ਆਮ ਜ਼ਿੰਦਗੀ ਨਾਲੋਂ ਉਨ੍ਹਾਂ ਦੀ ਜ਼ਿੰਦਗੀ ਜਿਉਣ ਵਿਚਾਲੇ ਜ਼ਮੀਨ-ਅਸਮਾਨ ਦਾ ਫ਼ਰਕ ਹੁੰਦਾ ਹੈ। ਜਦੋਂ ਘਰ ਦੇ ਬਜ਼ੁਰਗ ਉਨ੍ਹਾਂ ਨੂੰ ਬੇਢੰਗੇ ਕੱਪੜੇ ਪਹਿਨਣ ਅਤੇ ਜੰਕ ਫੂਡ ਖਾਣ ਤੋਂ ਵਰਜਦੇ ਹਨ ਤਾਂ ਉਹ ਗੱਲ ਨੂੰ ਮੰਨਣ ਦੀ ਬਜਾਏ ਉਨ੍ਹਾਂ ਨੂੰ ਚਾਰ ਗੱਲਾਂ ਸੁਣਾ ਕੇ ਚੁੱਪ ਕਰਾ ਦਿੰਦੇ ਹਨ। ਇਹ ਵਰਤਾਰਾ



ਉੱਕਾ ਹੀ ਸਹੀ ਨਹੀਂ ਹੈ। ਇਸ ਤਰ੍ਹਾਂ ਘਰਾਂ ਦੇ ਬਜ਼ੁਰਗਾਂ ਦਾ ਕਹਿਣਾ ਨਾ ਮੰਨਣਾ ਕਈ ਵਾਰ ਬੱਚਿਆਂ ਲਈ ਮੁਸੀਬਤ ਬਣ ਜਾਂਦਾ ਅਤੇ ਉਸ ਦੀ ਵੱਡੀ ਕੀਮਤ ਚੁਕਾਉਣੀ ਪੈ ਜਾਂਦੀ ਹੈ ਜਿਸ ਦਾ ਪਛਤਾਵੇ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿ ਜਾਂਦਾ।

ਹੁਣ ਜਾਨਵਰਾਂ ਭਾਵ ਕੁੱਤੇ-ਬਿੱਲਿਆਂ ਦੀ ਜਾਨ ਦੀ ਤਾਂ ਕੋਈ ਕੀਮਤ ਹੈ ਪਰ ਮਨੁੱਖ ਦਾ ਮਨੁੱਖ ਦਰਦੀ ਨਾ ਰਹਿਣ ਕਾਰਨ ਉਸ ਦੀ ਜਾਨ ਦੀ ਕੀਮਤ ਘੱਟ ਗਈ ਹੈ। ਹਰ ਰੋਜ਼ ਅੰਨ੍ਹੇਵਾਹ ਐਕਸੀਡੈਂਟ ਹੋ ਰਹੇ ਹਨ। ਉਨ੍ਹਾਂ 'ਚ ਵੀ 75% ਕਾਰਨ ਮੋਬਾਈਲ ਫੋਨ ਦੀ ਵਰਤੋਂ ਹੀ ਹੁੰਦਾ ਹੈ। ਜਦੋਂ ਕੋਈ ਡਰਾਈਵਿੰਗ ਕਰਦੇ ਸਮੇਂ ਫੋਨ ਦੀ ਵਰਤੋਂ ਕਰਦਾ ਹੈ ਤਾਂ ਮੱਲੋ-ਮੱਲੀ ਧਿਆਨ ਡਰਾਈਵਿੰਗ ਤੋਂ ਹੱਟ ਜਾਂਦਾ ਹੈ ਤੇ ਅਣਚਾਹਿਆ ਹਾਦਸਾ ਵਾਪਰ ਜਾਂਦਾ ਹੈ। ਫਿਰ ਉਹੀ ਗੱਲ ਕਿ ਪੱਲੇ ਪਛਤਾਵਾ ਹੀ ਰਹਿ ਜਾਂਦਾ ਹੈ। ਹਰ ਕੋਈ ਇਸ ਮੋਬਾਈਲ ਫੋਨ ਨੂੰ ਆਪਣੇ ਭੈਣ-ਭਰਾ, ਮਾਂ-ਬਾਪ, ਦੋਸਤ-ਮਿੱਤਰ ਤੇ ਰਿਸ਼ਤੇਦਾਰ ਸਮਝਣ ਲੱਗ ਪਿਆ ਹੈ। ਕਿਸੇ ਨਾਲ ਕਿਸੇ ਨੂੰ ਕੋਈ ਬਹੁਤਾ ਹੇਜ ਨਹੀਂ ਰਹਿ ਗਿਆ ਹੈ। ਕੋਈ ਰੁੱਸਦਾ ਹੈ ਤਾਂ ਰੁੱਸੀ ਜਾਵੇ। ਲੋਕ ਵਾਈਫਾਈ ਵਰਗੇ ਹੋ ਗਏ ਹਨ ਅਰਥਾਤ ਜਦੋਂ ਕੋਈ ਕਿਸੇ ਨਾਲੋਂ ਜ਼ਰਾ ਜਿੰਨਾ ਵੀ ਦੂਰ ਹੁੰਦਾ ਹੈ ਤਾਂ ਝੱਟ ਹੀ ਦੂਸਰੇ ਪਾਸੇ ਕੁਨੈਕਟ ਹੋ ਜਾਂਦਾ ਹੈ ਕਿਉਂਕਿ ਦਿਲੀ ਮੋਹ ਦੀ ਬਿਲਕੁਲ ਘਾਟ ਹੈ।

ਰਿਸ਼ਤਾ ਤਾਂ ਦਿਮਾਗ ਤੋਂ ਨਿਭਾਇਆ ਜਾ ਰਿਹਾ ਹੁੰਦਾ ਤੇ ਦਿਮਾਗ ਤੋਂ ਨਿਭਾਏ ਜਾਣ ਵਾਲੇ ਰਿਸ਼ਤਿਆਂ ਦੀ ਉਮਰ ਥੋੜ੍ਹ-ਚਿਰੀ ਹੁੰਦੀ ਹੈ। ਇਨ੍ਹਾਂ ਮੋਬਾਈਲ ਫੋਨਾਂ ਰਾਹੀਂ ਬਣੇ ਰਿਸ਼ਤਿਆਂ ਦਾ ਅੰਤ ਵੀ ਭਿਆਨਕ ਹੀ ਹੁੰਦਾ ਹੈ। ਪਿੱਛੇ ਜਿਹੇ ਮੋਹਾਲੀ ਵਿਚ ਦਿਲ ਦਹਿਲਾਉਣ ਵਾਲੀ ਘਟਨਾ ਵਾਪਰੀ। ਇਕ ਸੁਖਚੈਨ ਨਾਂ ਦੇ ਮੁੰਡੇ ਨੇ ਕੁੜੀ ਦੀ ਉਸ ਨਾਲ ਵਿਆਹ ਦੀ ਰਜ਼ਾਮੰਦੀ ਨਾ ਹੋਣ ਕਰਕੇ ਉਸ ਦਾ ਦਿਨ-ਦਿਹਾੜੇ ਸੜਕ 'ਤੇ ਸਾਰਿਆਂ ਦੇ ਸਾਹਮਣੇ ਕਤਲ ਕਰ ਦਿੱਤਾ। ਕੀ ਕਿਸੇ ਨੂੰ ਇਨਕਾਰ ਕਰਨ ਦਾ ਕੋਈ ਹੱਕ ਨਹੀਂ ਰਿਹਾ? ਇਹ ਕਿਹੋ ਜਿਹਾ ਪਿਆਰ ਹੈ? ਅਜਿਹੇ ਪਾਗਲਪਣ 'ਚ ਬਣਾਏ ਰਿਸ਼ਤੇ ਦੂਸਰਿਆਂ ਨੂੰ ਕੀ ਸੇਧ ਦਿੰਦੇ ਹਨ? ਉਸ ਦੇ ਮਾਪਿਆਂ ਨੇ ਭਾਵੇਂ ਨਾਮ ਤਾਂ ਉਸ ਦਾ ਸੁਖਚੈਨ ਰੱਖਿਆ ਸੀ ਪਰ ਉਸ ਦੇ ਇਸ ਤਰ੍ਹਾਂ ਦੇ ਅਣਮਨੁੱਖੀ ਕਾਰੇ ਨੇ ਪਤਾ ਨਹੀਂ ਕਿੰਨਿਆਂ ਦਾ ਸੁੱਖ-ਚੈਨ ਖੋਹ ਲਿਆ ਹੈ। ਕੀ ਇਸ ਤਰ੍ਹਾਂ ਪਿਆਰ ਜਤਾਉਣ ਦਾ ਤਰੀਕਾ ਸਹੀ ਹੈ? ਪਿਆਰ ਦੇ ਮਾਅਨੇ ਹੀ ਬਦਲ ਗਏ ਜਾਪਦੇ ਹਨ। ਪਿਆਰ ਕਰਨ ਵਾਲੇ ਤਾਂ ਟਾਹਣੀ ਨਾਲੋਂ ਫੁੱਲ ਨੂੰ ਵੀ ਤੋੜਨਾ ਪਸੰਦ ਨਹੀਂ ਕਰਦੇ। ਸਗੋਂ ਨਿੱਤ ਉਸ ਦੀ ਦੇਖਭਾਲ ਕਰਦੇ ਹਨ। ਉਸ ਨੂੰ ਟਾਹਣੀ ਨਾਲ ਲੱਗੇ ਨੂੰ ਹੀ ਵਧਦਾ-ਫੁੱਲਦਾ ਵੇਖ ਕੇ ਧੁਰ ਅੰਦਰ ਤੱਕ ਖ਼ੁਸ਼ ਹੁੰਦੇ ਹਨ। ਅੱਜ-ਕੱਲ੍ਹ ਬੱਚਿਆਂ 'ਚ ਆਤਮਹੱਤਿਆ ਕਰਨ ਦਾ ਰੁਝਾਨ ਵੀ ਬਹੁਤ ਵਧ ਗਿਆ ਹੈ। ਹਾਰ ਜਾਂ ਫੇਲ੍ਹ ਹੋ ਜਾਣਾ ਉਨ੍ਹਾਂ ਨੂੰ ਬਰਦਾਸ਼ਤ ਹੀ ਨਹੀਂ ਹੁੰਦਾ। ਰਾਤੋ-ਰਾਤ ਸਟਾਰ ਬਣਨ ਦੇ ਸੁਪਨੇ ਵੇਖ ਕੇ ਜ਼ਿਆਦਾ ਸਮਾਂ ਮੋਬਾਈਲ 'ਚ ਉਲਝੇ ਰਹਿੰਦੇ ਹਨ। ਜਦੋਂ ਮਨਚਾਹਿਆ ਮੁਕਾਮ ਹਾਸਲ ਨਹੀਂ ਕਰ ਪਾਉਂਦੇ ਤਾਂ ਆਤਮਹੱਤਿਆ ਦਾ ਰਸਤਾ ਅਪਣਾ ਲੈਂਦੇ ਹਨ, ਜਿਸ ਦਾ ਦੁੱਖ ਪਰਿਵਾਰ ਦੇ ਜੀਅ ਆਪਣੇ ਆਖ਼ਰੀ ਸਾਹ ਤੱਕ ਭੁਗਤਦੇ ਰਹਿੰਦੇ ਹਨ। ਰੁੱਸੇ ਨੂੰ ਮਨਾਉਣ ਦਾ ਰਿਵਾਜ਼ ਬਿਲਕੁਲ ਖ਼ਤਮ ਹੋ ਗਿਆ ਹੈ। ਕਿਸੇ ਦੀ ਗੱਲ ਪਸੰਦ ਨਾ ਆਉਣ 'ਤੇ ਮਨ-ਮੁਟਾਅ ਹੋ ਜਾਣ 'ਤੇ ਕੋਈ ਨਹੀਂ ਮਨਾਉਂਦਾ ਸਗੋਂ ਕਹਿੰਦੇ ਹਨ 'ਨਹੀਂ ਤਾਂ ਨਾ ਸਹੀ, ਦਫ਼ਾ ਹੋਵੇ।' ਫਿਰ ਮੋਬਾਈਲ 'ਤੇ ਬਲਾਕ ਕਰਨ ਦਾ ਰੁਝਾਨ ਸ਼ੁਰੂ ਹੋ ਜਾਂਦਾ ਜਾਂ ਨਫ਼ਰਤ ਭਰੇ ਸਟੇਟਸ ਪਾਏ ਜਾਂਦੇ ਹਨ। ਕੋਈ ਕਿਸੇ ਨਾਲ ਮਿਲ-ਵਰਤ ਕੇ ਖ਼ੁਸ਼ ਨਹੀਂ। ਇਸ ਰੁਝਾਨ ਨੂੰ ਬਦਲਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਇਹ ਸੱਚ ਸਾਬਿਤ ਹੋ ਗਿਆ ਕਿ 'ਨਾਨਕ ਦੁਨੀਆ ਕੈਸੀ ਹੋਈ॥ ਸਾਲਕੁ ਮਿਤੁ ਨ ਰਹਿਓ ਕੋਈ।'

ਪਤਾ ਨਹੀਂ ਕਿਹੋ ਜਿਹੀ ਪੜ੍ਹਾਈ ਕਰ ਰਹੇ ਹਨ? ਕੀ ਸਿੱਖ ਰਹੇ ਹਨ? ਕਿੱਧਰ ਨੂੰ ਤੁਰੇ ਜਾ ਰਹੇ ਹਨ? ਮੋਬਾਇਲ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਇਸ ਨੂੰ ਵਰਤੋ, ਨਾ ਕਿ ਇਹ ਤੁਹਾਨੂੰ ਵਰਤੇ। ਚੰਗੇ ਇਨਸਾਨ ਬਣਨ ਲਈ ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਣਾ ਬਹੁਤ ਜ਼ਰੂਰੀ ਹੈ। ਮੈਨੂੰ ਸਤਿੰਦਰ ਸਰਤਾਜ ਦੀਆਂ ਕਹੀਆਂ ਇਹ ਸਤਰਾਂ ਵਾਰ-ਵਾਰ ਯਾਦ ਆਉਂਦੀਆਂ ਹਨ: ਕੋਈ ਵੇਖੇ ਥੋਡੇ ਵੱਲ ਜਦੋਂ, ਉਹਦਾ ਗੱਲ ਕਰਨ ਨੂੰ ਜੀਅ ਕਰਜੇ।' ਇਸੇ ਕਰਕੇ ਤਾਂ ਚਿਹਰੇ 'ਤੇ ਹਲਕੀ ਮੁਸਕਾਨ ਜ਼ਰੂਰੀ ਹੈ। ਨਿੱਘ, ਜੋਸ਼, ਲਿਆਕਤ, ਦਰਦ, ਅਪਣੱਤ, ਹਲੀਮੀ, ਸੱਚਾਈ ਚੰਗੀ ਸ਼ਖ਼ਸੀਅਤ ਲਈ ਬੇਹੱਦ ਜ਼ਰੂਰੀ ਹਨ। ਬਦਲਾ ਤਾਂ ਸਾਰੇ ਲੈਂਦੇ ਨੇ ਪਰ ਮਾਫ਼ ਕਰਨ ਦਾ ਜੇਰਾ ਬਹੁਤ ਘੱਟ ਲੋਕ ਕਰ ਪਾਉਂਦੇ ਹਨ। ਇਸ ਲਈ ਥੋੜ੍ਹੀਆਂ-ਬਹੁਤੀਆਂ ਕਿਸੇ ਦੀਆਂ ਕਹੀਆਂ-ਸੁਣੀਆਂ ਗੱਲਾਂ ਨੂੰ ਅਣਡਿੱਠਾ ਕਰ ਕੇ ਰਿਸ਼ਤਿਆਂ ਦੀ ਅਹਿਮੀਅਤ ਨੂੰ ਸਮਝਦੇ ਹੋਏ ਇਕ-ਦੂਜੇ ਦੇ ਕੋਲ ਆਉਣਾ ਚਾਹੀਦਾ ਹੈ, ਨਾ ਕਿ ਦੂਰ ਜਾਣ ਦੇ ਬਹਾਨੇ ਲੱਭਣੇ ਚਾਹੀਦੇ ਹਨ।

# ਕੌਣ ਜਾਣਦਾ ਸੀ? ਰੁਲਦੇ ਫਿਰਨਗੇ ਇਹ ਆਪਣੇ ਤਾਜ ਵਿੱਚ ਹੀਰੇ ਹੰਢਾਉਣ ਵਾਲੇ

**ਬਘੇਲ ਸਿੰਘ ਧਾਲੀਵਾਲ**

ਲੱਖਾਂ ਤਕਲੀਫਾਂ ਦੇ ਬਾਵਜੂਦ ਵੀ ਖਾਲਸੇ ਦਾ ਇਤਿਹਾਸ ਮੁੱਢ ਤੋਂ ਹੀ ਗੌਰਵਸ਼ਾਲੀ ਰਿਹਾ ਹੈ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਇਸ ਗੱਲ ਦੀ ਗਵਾਹੀ ਭਰਦਾ ਹੈ। ਦੁਨੀਆਂ ਦੇ ਇਤਿਹਾਸ ਵਿੱਚ ਖਾਲਸਾ ਰਾਜ ਕਈ ਪੱਖਾਂ ਤੋਂ ਮਸ਼ਾਲੀ ਰਿਹਾ ਹੈ। ਤਾਕਤਵਰ ਸਲਤੰਨਤ ਦੇ ਮਾਲਕ ਮੰਨੇ ਜਾਣ ਵਾਲੇ ਮਹਾਰਾਜੇ ਨੇ ਕਈ ਇਹੋ ਜਿਹੇ ਕੀਰਤੀਮਾਨ ਵੀ ਸਥਾਪਤ ਕੀਤੇ ਹਨ ਜੋ ਅੱਜ ਤੱਕ ਦੇ ਦੁਨੀਆਂ ਦੇ ਇਤਿਹਾਸ ਵਿੱਚ ਰਿਕਾਰਡ ਬਣਕੇ ਦਰਜ ਹੋ ਚੁੱਕੇ ਹਨ। ਅਫਗਾਨਿਸਤਾਨ ਦੇ ਕਾਬਲ ਕੰਧਾਰ ਤੇ ਖਾਲਸਾ ਰਾਜ ਦੇ ਝੰਡੇ ਝੁਲਾਉਣ ਵਾਲਾ ਇਹ ਇੱਕੋ ਇੱਕ ਸਿੱਖ ਸ਼ਹਿਨਸ਼ਾਹ ਹੈ ਜਿਸਨੇ ਹਿੰਦੂ ਰਾਜਿਆਂ ਵੱਲੋਂ ਮੁਗਲ ਬਾਦਸ਼ਾਹਾਂ ਨੂੰ ਹਾਰਿਆ ਕੋਹੇਨੂਰ ਹੀਰਾ ਜਿਹੜਾ ਨਾਦਰ ਸ਼ਾਹ ਦਿੱਲੀ ਦੀ ਲੁੱਟ ਸਮੇਂ ਲੈ ਗਿਆ ਸੀ, ਉਹ ਵੀ ਕਾਬਲ ਦੇ ਸ਼ਾਹ ਸੁਜਾਹ ਤੋਂ ਲੈ ਕੇ ਅੰਤ ਸਮੇਂ ਤੱਕ ਆਪਣੇ ਤਾਜ ਵਿੱਚ ਸਜਾ ਕੇ ਦੁਨੀਆਂ ਨੂੰ ਸ਼ਕਤੀਸਾਲੀ ਸਿੱਖ ਰਾਜ ਦਾ ਅਹਿਸਾਸ ਕਰਵਾਇਆ। ਦੱਰਾ ਖੈਬਰ ਦੀਆਂ ਪਹਾੜੀਆਂ ਵਿੱਚੋਂ ਖਾਲਸੇ ਦੇ ਗੂੰਜਦੇ ਜੈਕਾਰੇ ਪਠਾਣਾਂ ਦਾ ਦਿਲ ਦਹਿਲਾਉਂਦੇ ਰਹੇ ਹਨ। ਅੱਜ ਵੀ ਦੁਨੀਆਂ ਦੀਆਂ ਅਖਬਾਰਾਂ ਸਿੱਖ ਰਾਜ ਦੇ ਸਿਪਾਹਸਲਾਰ ਹਰੀ ਸਿੰਘ ਨਲੂਏ ਨੂੰ ਦੁਨੀਆਂ ਦੇ 10 ਤਾਕਤਵਰ ਜੇਤੂਆਂ 'ਚੋਂ ਪਹਿਲੇ ਨੰਬਰ 'ਤੇ ਗਿਣ ਰਹੀਆਂ ਹਨ। ਮਹਾਰਾਜਾ ਰਣਜੀਤ ਸਿੰਘ ਨੇ ਸਮੁੱਚੀ ਸਿੱਖ ਕੌਮ ਨੂੰ ਇੱਕ ਝੰਡੇ ਥੱਲੇ ਇਕੱਠੇ ਕਰਕੇ ਇੱਕ ਵਿਸ਼ਾਲ ਸਿੱਖ ਰਾਜ ਸਥਾਪਤ ਕਰਨ ਦਾ ਦ੍ਰਿੜ ਨਿਸਚਾ ਕੀਤਾ ਸੀ, ਜਿਸ ਵਿੱਚ ਉਹ ਕਾਮਯਾਬ ਹੋਇਆ। ਮਹਾਰਾਜੇ ਨੇ ਜਿੱਤੇ ਹੋਏ ਇਲਾਕਿਆਂ ਦੇ ਸਰਦਾਰਾਂ ਨੂੰ ਕੈਦ ਕਰਕੇ ਸਜ਼ਾਵਾਂ ਦੇਣ ਦੀ ਬਜਾਇ ਉਹਨਾਂ ਦੇ ਗੁਜ਼ਾਰੇ ਲਈ ਜਗੀਰਾਂ ਦਾ ਪ੍ਰਬੰਧ ਕਰਕੇ ਦਿੱਤਾ। ਇਹ ਉਹਦੀ ਸੱਚੀ ਸਿੱਖ ਸੋਚ ਦੀ ਉਦਾਹਰਣ ਮੰਨੀ ਜਾ ਸਕਦੀ ਹੈ। 40 ਸਾਲਾਂ ਦੇ ਹਲੀਮੀ ਖਾਲਸਾ ਰਾਜ ਦੀ ਇੱਕ ਅਜਿਹੀ ਮਿਸਾਲ ਵੀ ਮਿਲਦੀ ਹੈ ਜਿਹੜੀ ਨਾ ਦੁਨੀਆਂ 'ਤੇ ਰਾਜ ਕਰਨ ਵਾਲੇ ਕਿਸੇ ਬਾਦਸ਼ਾਹ ਦੇ ਹਿੱਸੇ ਆਈ ਹੈ ਅਤੇ ਨਾ ਕਿਸੇ ਸਰਕਾਰ ਤੋਂ ਅਜਿਹਾ ਸਰਿਆ ਹੈ, ਉਹ ਹੈ ਖਾਲਸਾ ਰਾਜ ਵਿੱਚ ਕਿਸੇ ਵੀ ਵੱਡੇ ਤੋਂ ਵੱਡੇ ਮੁਜਰਮ ਨੂੰ ਵੀ ਮੌਤ ਦੀ ਸਜ਼ਾ ਨਾ ਦੇਣਾ। ਇਹ ਸਿੱਖ ਰਾਜ ਦੀ ਹਲੀਮੀ ਦੀ ਸਿਖਰ ਹੀ ਸਮਝੀ ਜਾ ਸਕਦੀ ਹੈ, ਜਿਸ ਦਾ ਕੋਈ ਤੋੜ ਹੀ ਨਹੀਂ। ਸਿੱਖਾਂ ਨੂੰ ਅੱਤਵਾਦੀ ਵੱਖਵਾਦੀ ਕਹਿਣ ਵਾਲੇ ਤੇ ਸਿੱਖਾਂ ਪ੍ਰਤੀ ਭਰਮ ਭੁਲੇਖੇ ਪਾਉਣ ਵਾਲੇ ਲੋਕਾਂ ਨੇ ਪਤਾ ਨਹੀਂ ਸਿੱਖ ਕੌਮ ਦਾ ਕਿਹੜਾ ਇਤਿਹਾਸ ਪੜ੍ਹਿਆ ਹੈ, ਜਿਸਦਾ ਉਹ ਲੋਕਾਂ ਵਿੱਚ ਹਊਆ ਖੜ੍ਹਾ ਕਰ ਰਹੇ ਹਨ, ਸਾਨੂੰ ਉਹਨਾਂ ਦੀ ਇਸ ਪੇਤਲੀ ਲਿਆਕਤ 'ਤੇ ਤਰਸ ਆਉਂਦਾ ਹੈ। ਸਿੱਖ ਰਾਜ ਨੇ ਇੱਕ ਧਰਮੀ ਰਾਜ ਹੋਣ ਦੇ ਬਾਵਜੂਦ ਦੁਨੀਆਂ ਨੂੰ ਧਰਮ ਨਿਰਪੱਖਤਾ ਦੀ ਵੀ ਇੱਕ ਨਵੀਂ ਸੇਧ ਦਿੱਤੀ। ਸਿੱਖ ਰਾਜ ਦੀ ਸਭ ਤੋਂ ਵੱਡੀ ਪ੍ਰਾਪਤੀ ਹੀ ਇਹ ਕਹੀ ਜਾ ਸਕਦੀ ਹੈ ਕਿ ਸਭ ਧਰਮਾਂ ਦੇ ਲੋਕ ਮਹਾਰਾਜੇ ਦੇ ਰਾਜ ਦੀਆਂ ਸੁੱਖਾਂ ਮੰਗਦੇ ਰਹਿੰਦੇ ਸਨ, ਮਹਾਰਾਜਾ ਰਣਜੀਤ ਸਿੰਘ ਨੇ ਜਿਸ ਨਾਲ ਵੀ ਕੋਈ ਵਾਅਦਾ ਕੀਤਾ, ਉਹਨੂੰ ਹਰ ਹਾਲ ਵਿੱਚ ਪੂਰਾ ਕੀਤਾ। ਸਿੱਖ ਰਾਜ ਨੂੰ ਵਿਸ਼ਾਲ ਕਰਨ ਲਈ ਉਹਨੇ ਬੇਸ਼ੱਕ ਦਾਅ ਪੇਚ ਵੀ ਖੇਡੇ ਪਰੰਤੂ ਉਹਦੇ ਦਾਅ ਪੇਚਾਂ ਵਿੱਚ ਵੀ ਅੱਜ ਦੇ ਸਿਆਸੀ ਲੀਡਰਾਂ ਦੀ ਤਰ੍ਹਾਂ ਕਿਧਰੇ ਬੇਇਮਾਨੀ ਦੀ ਬੋਅ ਨਹੀ ਆਉਂਦੀ। ਬਲਕਿ ਕਣ ਕਣ ਵਿੱਚੋਂ ਖਾਲਸੇ ਦੀ ਚੜ੍ਹਦੀਕਲਾ ਦੇ ਅਵਾਜ਼ੇ ਨਿਕਲਦੇ ਸਨ। ਅੰਤ ਸਮੇਂ ਰਣਜੀਤ ਸਿੰਘ ਦੀਆਂ ਕਹੀਆਂ ਗੱਲਾਂ ਅੱਜ ਵੀ ਖਾਲਸੇ ਦੀ ਅਣਖ ਨੂੰ ਹਲੂਣ ਰਹੀਆਂ ਹਨ। ਮਹਾਰਾਜੇ ਨੇ ਆਪਣੇ ਅੰਤਮ ਦਰਬਾਰ ਵਿੱਚ ਸੰਬੋਧਨ ਕਰਦਿਆਂ ਕਿਹਾ ਸੀ ਕਿ ਖਾਲਸਾ ਜੀ ਮੇਰੇ ਜਾਣ ਦਾ ਸਮਾਂ ਨੇੜੇ ਆ ਗਿਆ ਹੈ, ਮੈਨੂੰ ਇਸ ਗੱਲ ਦਾ ਕੋਈ ਗਮ ਨਹੀਂ ਪਰੰਤੂ ਜੇ ਕੋਈ ਡਰ ਹੈ ਤਾਂ ਇਸ ਗੱਲ ਦਾ ਕਿ ਜਿਹੜੇ ਖਾਲਸੇ ਦੀ ਤੇਗ ਤੋਂ ਖੈਬਰ ਦੀਆਂ ਪਹਾੜੀਆਂ ਵੀ ਕੰਬਦੀਆਂ ਰਹੀਆਂ ਹਨ, ਉਹ ਤੇਗ ਕਿਤੇ ਤੁਹਾਡੇ ਆਪਣੇ ਘਰ ਵਿੱਚ ਖੜਕਣ ਨਾ ਲੱਗ ਜਾਵੇ। ਦੁਸ਼ਮਣ ਦੀਆਂ ਚਾਲਾਂ ਤੋਂ ਸੁਚੇਤ ਰਹਿਣਾ, ਖਾਲਸਾ ਜੀ ਮੈਨੂੰ ਖਾਲਸੇ ਦਾ ਰਾਜ ਆਪਣੀ ਜਾਨ ਤੋਂ ਵੀ ਪਿਆਰਾ ਹੈ, ਮੇਰੀ ਇਹ ਆਖਰੀ ਇੱਛਾ ਹੈ ਕਿ ਖਾਲਸੇ ਦੇ ਝੰਡੇ ਸਦਾ ਹੀ ਉੱਚੇ ਝੂਲਦੇ ਰਹਿਣ। ਉਹਨਾਂ ਇਹ ਵੀ ਕਿਹਾ ਸੀ ਕਿ ਗੈਰਾਂ ਦੇ ਝੰਡੇ ਸਾਹਮਣੇ ਸਿਰ ਨਿਵਾਉਣਾ ਮੇਰੀ ਅਣਖ ਨੂੰ ਵੰਗਾਰ ਵਾਲੀ ਗੱਲ ਹੋਵੇਗੀ, ਜੇ ਕਰ ਖਾਲਸਾ ਮੁੜ ਗੁਲਾਮ ਹੋ ਗਿਆ ਤਾਂ ਮੇਰੀ ਰੂਹ ਨੂੰ ਸ਼ਾਂਤੀ ਨਹੀਂ ਮਿਲੇਗੀ। ਮਹਾਰਾਜਾ ਰਣਜੀਤ ਸਿੰਘ ਦੇ ਇਹਨਾਂ ਦਿਲ ਟੁੰਬਵੇਂ ਅੰਤਮ ਬੋਲਾਂ 'ਚੋਂ ਸਿੱਖ ਰਾਜ ਦਾ ਪਿਆਰ ਝਲਕਦਾ ਹੈ ਕਿਧਰੇ ਵੀ ਮਹਾਰਾਜੇ ਵਰਗਾ ਰਾਜ ਦੇਣ ਦਾ ਦਾਅਵਾ ਕਰਨ ਵਾਲੇ ਅੱਜ ਦੇ ਅਖੌਤੀ ਪੰਥਕ ਸਰਕਾਰ ਦੇ ਹਾਕਮਾਂ ਦੀ ਤਰ੍ਹਾਂ ਨਿੱਜਤਾ ਦਿਖਾਈ ਨਹੀਂ ਦਿੰਦੀ। ਖਾਲਸੇ ਦੀ ਅਣਖ ਨੂੰ ਗ੍ਰਹਿਣ ਲੱਗ ਜਾਣ ਦੇ ਡਰ ਦਾ ਦਰਦ ਵੀ ਸਾਫ ਝਲਕਦਾ ਹੈ। ਖਾਲਸਾ ਜੀ ! ਚਲਾ ਗਿਆ ਉਹ ਸ਼ੇਰੇ ਪੰਜਾਬ ਜਿਸ ਨੇ ਦੁਨੀਆਂ ਨੂੰ ਇਹ ਦ੍ਰਿੜ ਕਰਵਾਇਆ ਸੀ ਕਿ ਸਿੱਖ ਕੌਮ ਜਿੱਥੇ ਅਮਨ ਪਸੰਦ ਤੇ ਭਾਈਚਾਰਕ ਸਾਂਝਾਂ ਦੀ ਅਲੰਬਰਦਾਰ ਹੈ ਉਥੇ ਇਹਦੀਆਂ ਰਗਾਂ ਵਿੱਚ ਵਹਿ ਰਿਹਾ ਸਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਖੂਨ ਜਬਰ ਜ਼ੁਲਮ ਦੇ ਖਿਲਾਫ ਜੂਝਣ ਲਈ ਅਤੇ ਅਜ਼ਾਦ ਫਿਜ਼ਾ ਵਿੱਚ ਜਿਉਣ ਲਈ ਖਾਲਸੇ ਦੇ ਉਸ ਕੇਸਰੀ ਝੰਡੇ ਨੂੰ ਉੱਚਾ ਝੁਲਾਉਣ ਲਈ ਹਰ ਸਮੇਂ ਖੌਲਦਾ ਰਹਿੰਦਾ ਹੈ, ਜਿਹੜਾ ਖਾਲਸੇ ਦੀ ਅਜ਼ਾਦ ਹਸਤੀ ਦਾ ਪ੍ਰਤੀਕ ਹੈ। ਅੱਜ ਪੰਜਾਬ ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਰਗੇ ਸੱਚੇ ਪੰਥ ਦਰਦੀ ਆਗੂ ਦੀ ਲੋੜ ਹੈ, ਜਿਹੜਾ ਮਿਸਲਾਂ ਤੋਂ ਵੀ ਵੱਧ ਗਿਣਤੀ ਵਿੱਚ ਆਪਣੀਆਂ ਪਾਰਟੀਆਂ ਬਣਾ ਕੇ ਆਪਣੀ ਆਪਣੀ ਡਫ਼ਲੀ ਵਜਾਉਣ ਵਾਲੇ ਪੰਥਕ ਆਗੂਆਂ ਨੂੰ ਖਾਲਸੇ ਦੇ ਇੱਕ ਝੰਡੇ ਥੱਲੇ ਲਿਆ ਸਕੇ। ਚਤਰ ਚਲਾਕ ਧਿਆਨ ਸਿੰਘ, ਗੁਲਾਬ ਸਿੰਘ ਦੇ ਵਾਰਸ ਜਿਹੜੇ ਸਿੱਖੀ ਭੇਸ ਵਿੱਚ ਬੈਠ ਕੇ ਇਹਨਾਂ ਦੀ ਪਾਟੋਧਾੜ ਦਾ ਫਾਇਦਾ ਉਠਾ ਕੇ ਰਾਜ ਭਾਗ ਦੀ ਲਾਲਸਾ ਵਸ ਕੌਮ ਦੀ ਅਣਖ ਗੈਰਤ ਨੂੰ ਢਾਹ ਲਾ ਰਹੇ ਹਨ, ਉਹਨਾਂ ਤੋਂ ਕੌਮ ਦਾ ਖਹਿੜਾ ਛੁਡਵਾ ਕੇ ਮੁੜ ਖਾਲਸੇ ਦਾ ਹਲੀਮੀ ਰਾਜ ਸਥਾਪਤ ਕਰ ਸਕੇ। ਅਖੀਰ ਸੋਹਣ ਸਿੰਘ ਸੀਤਲ ਦੇ ਇਹਨਾਂ ਦਰਦ ਭਰੇ ਬੋਲਾਂ ਨਾਲ ਸ਼ੇਰੇ ਪੰਜਾਬ ਨੂੰ ਯਾਦ ਕਰਦੇ ਹਾਂ।

ਕੌਣ ਜਾਣਦਾ ਸੀ? ਰੁਲਦੇ ਫਿਰਨਗੇ ਇਹ,
ਆਪਣੇ ਤਾਜ ਵਿੱਚ ਹੀਰੇ ਹੰਢਾਉਣ ਵਾਲੇ,
ਸੀਤਲ ਹਾਲ ਫਕੀਰਾਂ ਦੇ ਨਜ਼ਰ ਆਉਂਦੇ ਤਾਜ,
ਤਖਤ, ਨਿਸ਼ਾਨ, ਕਿਰਪਾਨ ਵਾਲੇ।



# ਅਲੋਪ ਹੋਏ ਟੱਪਾ ਨੁਮਾ ਲੋਕ ਗੀਤ

ਗੁਰਸ਼ਰਨ ਕੌਰ ਮੋਗਾ

**ਜੇਕਰ ਮੇਲਣਾਂ ਦੇ ਪਿੰਡ ਦੀ ਕੁੜੀ ਵਿਆਹ ਵਾਲੇ ਪਿੰਡ ਕਿਸੇ ਘਰ ਵਿਆਹੀ ਹੁੰਦੀ ਤਾਂ ਉਹ ਉਸ ਕੁੜੀ ਨੂੰ ਵਿਆਹ ਵਾਲੇ ਘਰੋਂ ਕੁੱਝ ਮਠਿਆਈ ਜਿਸਨੂੰ 'ਪੱਤਲ' ਕਿਹਾ ਜਾਂਦਾ ਸੀ, ਦੇ ਕੇ ਆਉਂਦੀਆ ਅਤੇ ਗਾਉਂਦੀਆਂ:ਰਗ ਵੱਢ ਘੋਟਣਾ ਬਣਾ ਦਾਰੀਏ ਸਾਡੇ ਆਉਂਦੀਆਂ ਦੇ ਸਾਡੇ ਆਉਂਦੀਆਂ ਦੇ ਸ਼ਗਨ ਮਨਾ ਦਾਰੀਏ**



ਪਿਛਲੇ ਸਮੇਂ ਪਿੰਡਾਂ ਦੇ ਰੀਤੀ ਰਿਵਾਜ ਸਾਂਝੇ ਤੌਰ 'ਤੇ ਹੀ ਮਨਾਏ ਜਾਂਦੇ ਸਨ। ਸਾਡੇ ਮਾਲਵੇ ਵਿੱਚ ਵੀ ਇਸ ਤਰ੍ਹਾਂ ਹੀ ਹੁੰਦਾ ਸੀ। ਕਿਸੇ ਦੇ ਘਰ ਲੜਕਾ ਪੈਦਾ ਹੁੰਦਾ, ਕਿਸੇ ਦੇ ਮੁੰਡੇ ਦਾ ਮੰਗਣਾ ਹੁੰਦਾ, ਕਿਸੇ ਦੇ ਮੁੰਡੇ ਜਾਂ ਕੁੜੀ ਦਾ ਵਿਆਹ ਹੁੰਦਾ ਤਾਂ ਉਸ ਪਿੱਛੋਂ ਪਿੰਡ ਵਿੱਚ ਮਠਿਆਈ ਵੰਡੀ ਜਾਂਦੀ ਜਿਸਨੂੰ ਘਰ ਸੰਭਾਲਣਾ ਕਿਹਾ ਜਾਂਦਾ ਸੀ। ਸ਼ਰੀਕੇ ਦੀਆਂ ਕੁੜੀਆਂ ਇਕੱਠੀਆਂ ਹੋ ਕੇ ਇਹ ਮਠਿਆਈ ਜਾਂ ਭਾਜੀ ਵੰਡਦੀਆਂ ਸਨ। ਨਾਲ ਦੀ ਨਾਲ ਉਹ ਟੱਪੇ ਨੁਮਾ ਗੀਤ ਵੀ ਗਾਉਂਦੀਆਂ ਸਨ।

ਪੱਕੀ ਸੜਕ 'ਤੇ ਫੀਤਾ
ਬਈ ਮੈਂ ਘਰ ਮਾਪਿਆਂ ਦੇ
ਦੁੱਧ ਸੋਨੇ ਦੇ ਕੌਲ ਵਿੱਚ ਪੀਤਾ

ਉਹ ਕੁੜੀਆਂ ਘੱਟ ਪੜ੍ਹੀਆਂ ਲਿਖੀਆਂ ਹੁੰਦੀਆਂ, ਪਰ ਗੀਤ ਬੜੇ ਕਮਾਲ ਦੇ ਗਾਉਂਦੀਆਂ:

ਸ਼ਿੰਦਰ ਭਾਬੀ ਗੁੜ ਦੀ ਡਲੀ
ਚਾਹ ਦੀ ਪੱਤੀ ਵਿੱਚ ਦੁੱਧ ਬੱਤਖਾਂ ਦਾ ਪਾ ਦੇ
ਨੀਂ ਅਸੀਂ ਕਿਹੜਾ ਰੋਜ਼ ਆਉਣਾ
ਸਾਨੂੰ ਚਾਹ ਦੀ ਘੁੱਟ ਪਿਆ ਦੇ

ਉਨ੍ਹਾਂ ਦੇ ਬੋਲ ਬੜੇ ਹੀ ਮਿੱਠੇ ਅਤੇ ਦਿਲ ਨੂੰ ਛੂਹ ਲੈਣ ਵਾਲੇ ਹੁੰਦੇ ਸਨ। ਕਦੇ ਹਾਸਾ ਵੀ ਆਉਣਾ ਕਿ ਇਨ੍ਹਾਂ ਵਿੱਚੋਂ ਕਿਹੜੀ ਸੋਨੇ ਦੇ ਕੌਲੇ ਵਿੱਚ ਦੁੱਧ ਪੀਂਦੀ ਹੈ ਜਾਂ ਬੱਤਖਾਂ ਦਾ ਦੁੱਧ ਭਾਬੀ ਕਿੱਥੋਂ ਲੈ ਕੇ ਆਵੇਗੀ ? ਗੀਤ ਗਾਉਂਦੀਆਂ ਕੁੜੀਆਂ ਗੁੱਸੇ ਵਿੱਚ ਕਹਿੰਦੀਆਂ: 'ਇਨ੍ਹਾਂ ਪੜ੍ਹੀਆਂ ਲਿਖੀਆਂ ਦਾ ਦਿਮਾਗ਼ ਖ਼ਰਾਬ ਈ ਹੁੰਦਾ, ਸਾਰਾ ਤਾਂ ਕਿਤਾਬਾਂ ਖਾ ਗਈਆਂ।' ਅਸੀਂ ਹੱਸ ਛੱਡਣਾ, ਪਰ ਇਨ੍ਹਾਂ ਗੀਤਾਂ ਨਾਲ ਬੜਾ ਹੀ ਮਨ ਖ਼ੁਸ਼ ਹੁੰਦਾ ਅਤੇ ਇਹ ਗੀਤ ਉਦੋਂ ਤੋਂ ਹੀ ਮੇਰੇ ਜ਼ਿਹਨ ਵਿੱਚ ਬੈਠੇ ਹੋਏ ਹਨ। ਇਹ ਗੀਤ ਨਾ ਤਾਂ ਟੱਪਿਆਂ ਦੀ ਤਰ੍ਹਾਂ ਗਾਏ ਜਾਂਦੇ ਹਨ ਅਤੇ ਨਾ ਹੀ ਵੱਡੇ ਹੇਕ ਵਾਲੇ ਗੀਤਾਂ ਦੀ ਤਰ੍ਹਾਂ ਗਾਏ ਜਾਂਦੇ ਹਨ। ਇਹ ਇਨ੍ਹਾਂ ਦਾ ਵਿਚਕਾਰਲਾ ਰੂਪ ਹੈ ਅਤੇ ਇਨ੍ਹਾਂ ਦੇ ਗਾਉਣ ਦਾ ਵੀ ਖ਼ਾਸ ਢੰਗ ਹੈ। ਪਹਿਲੀ ਲਾਈਨ ਲਮਕਾ ਕੇ ਗਾਈ ਜਾਂਦੀ ਹੈ ਅਤੇ ਦੂਜੀ ਲਾਈਨ ਦੇ ਅੱਗੇ ਕੋਈ ਯੋਜਕ ਜਿਵੇਂ 'ਬਈ' ਜਾਂ 'ਨੀਂ' ਆਦਿ ਲਾ ਕੇ ਗਾਇਆ ਜਾਂਦਾ ਹੈ। ਫਿਰ ਤੀਜੀ ਲਾਈਨ ਗਾਈ ਜਾਂਦੀ ਹੈ ਅਤੇ ਦੂਜੀ ਲਾਈਨ ਦੁਹਰਾਈ ਜਾਂਦੀ ਹੈ। ਇਸ ਤਰ੍ਹਾਂ ਇਹ ਗੀਤ ਪੂਰਾ ਹੁੰਦਾ ਹੈ। ਗੀਤ ਗਾਉਣ ਵਾਲੀਆਂ ਕੁੜੀਆਂ ਥਾਂ ਤੇ ਮੌਕਾ ਦੇਖ ਕੇ ਗੀਤ ਛੋਹਦੀਆਂ, ਜੇਕਰ ਨੇੜੇ ਮੁੰਡੇ ਖੜ੍ਹੇ ਹੁੰਦੇ ਤਾਂ ਉਹ ਗਾਉਂਦੀਆਂ:

× ਚੁੱਕ ਲਿਆ ਸੜਕ ਤੋਂ ਫੀਤਾ
ਵੇ ਮੈਂ ਕੀ ਤੈਨੂੰ ਬੋਲੀ ਵੀਰਨਾ
ਕਿਹੜੀ ਗੱਲ ਤੋਂ ਸੰਧਾਰਾ ਬੰਦ ਕੀਤਾ।

ਜੇਕਰ ਸੱਥ ਕੋਲੋਂ ਲੰਘਦੀਆਂ ਤਾਂ ਉਹ ਗਾਉਂਦੀਆਂ:

ਰੱਤੜਾ ਪਲੰਘ ਰੰਗੀਲੇ ਪਾਵੇ
ਨੀਂ ਵੀਰ ਘਰ ਪੁੱਤ ਜੰਮਿਆ
ਬਾਪੂ ਮੱਝੀਆਂ ਦੇ ਸੰਗਲ ਫੜਾਵੇ।

× ਚੁੱਕ ਚਰਖਾ ਪਰ੍ਹਾਂ ਕਰ ਪੀੜ੍ਹੀ
ਬਈ ਆਪੇ ਮਾਪੇ ਦਾਜ ਦੇਣਗੇ
ਜਿਹੜੇ ਹੋਣਗੇ ਦੁੱਖਾਂ ਦੇ ਸੀਰੀ

ਕਦੀ ਕਦੀ ਉਹ ਵੈਰਾਗਮਈ ਧੁਨ ਵਿੱਚ ਗਾਉਣ ਲੱਗ ਜਾਂਦੀਆਂ:

ਸੱਜਰੇ ਗੁੜ ਦੀ ਭੇਲੀ
ਭੈਣਾਂ ਨੂੰ ਭਾਈ ਨਿੱਤ ਮਿਲਦੇ
ਕਦੇ ਵਿੱਛੜੀ ਨਾ ਮਿਲਦੀ ਸਹੇਲੀ

ਉਦੋਂ ਪਿੰਡ ਵਿੱਚ ਆਇਆ ਨਾਨਕਾ ਮੇਲ ਬੜੀਆਂ ਰੌਣਕਾਂ ਲਾਉਂਦਾ ਸੀ। ਮੇਲਣਾਂ ਦੇ ਗਾਏ ਗੀਤ ਵੀ ਬਹੁਤ ਰੌਚਕ ਹੁੰਦੇ ਸਨ। ਕਿਸੇ ਘਰ ਮੂਹਰੇ ਬੈਠੇ ਬਜ਼ੁਰਗ ਨੂੰ ਦੇਖ ਕੇ ਤੋੜਾ ਝਾੜਦੀਆਂ। ਬਜ਼ੁਰਗ ਵਿਚਾਰਾ ਬੁੜ ਬੁੜ ਕਰਦਾ ਅੰਦਰ ਚਲਿਆ ਜਾਂਦਾ ਅਤੇ ਮੇਲਣਾਂ ਹੱਸ ਹੱਸ ਦੂਹਰੀਆਂ ਹੋ ਜਾਂਦੀਆਂ। ਫਿਰ ਉਹ ਕਿਸੇ ਬਾਣੀਏ ਦੀ ਹੱਟੀ ਮੱਲ ਬਹਿੰਦੀਆਂ। ਇੱਕ ਦੋ ਚੀਜ਼ਾਂ ਸਾਬਣ, ਨਹੁੰ ਪਾਲਿਸ਼ ਆਦਿ ਲੈ ਕੇ ਰਾਹ ਪੈ ਜਾਂਦੀਆਂ ਅਤੇ ਗੀਤ ਗਾਉਂਦੀਆਂ:

ਸੂਤ ਦੇ ਮੰਜੇ 'ਤੇ ਵਿਛਾਈਆਂ
ਨੀਂ ਇੱਥੋਂ ਦੇ ਮਲੰਗ ਬਾਣੀਏ
ਸਾਨੂੰ ਜੰਗ ਹਰੜਾਂ ਨਾ ਥਿਆਈਆਂ

ਉਦੋਂ ਔਰਤਾਂ ਬਾਰਾਤ ਨਹੀਂ ਜਾਂਦੀਆਂ ਸਨ। ਉਹ ਵਿਆਹ ਵਾਲੇ ਘਰ ਵਿੱਚ ਤੇ ਪਿੰਡ ਵਿੱਚ ਸਾਧ ਸਾਧਣੀਆਂ ਦੇ ਭੇਸ ਧਾਰ ਕੇ ਜੀਅ ਖ਼ੁਸ਼ ਕਰ ਲੈਂਦੀਆਂ ਸਨ। ਰਾਤ ਨੂੰ ਜਾਗੋ ਕੱਢ ਕੇ ਲੋਕਾਂ ਦੇ ਪਰਨਾਲੇ ਪੁੱਟ ਕੇ ਅਤੇ ਅਮਲੀਆਂ ਦੀਆਂ ਮੰਜੀਆਂ ਟੇਢੀਆਂ ਕਰ ਕੇ ਧਮੱਚੜ ਪੁੱਟਦੀਆਂ ਹੋਈਆਂ ਦਰਸ਼ਕਾਂ ਨੂੰ ਦੇਖ ਕੇ ਮੱਛਰ ਜਾਂਦੀਆਂ:

ਖਲੋਤੀ ਕੁੜੀ ਦੇ ਚੀਕਣੀ ਮਿੱਟੀ ਦੇ ਹਾਰੇ
ਬਈ ਦੁੱਧ ਦਾ ਗਲਾਸ ਡੁੱਲ੍ਹ ਗਿਆ
ਸਾਰਾ ਟੱਬਰ ਚਿੰਘਿਆੜਾਂ ਮਾਰੇ

ਉਸ ਸਮੇਂ ਰਿਵਾਜ ਸੀ ਕਿ ਜੇਕਰ ਮੇਲਣਾਂ ਦੇ ਪਿੰਡ ਦੀ ਕੁੜੀ ਵਿਆਹ ਵਾਲੇ ਪਿੰਡ ਕਿਸੇ ਘਰ ਵਿਆਹੀ ਹੁੰਦੀ ਤਾਂ ਉਹ ਉਸ ਕੁੜੀ ਨੂੰ ਵਿਆਹ ਵਾਲੇ ਘਰੋਂ ਕੁੱਝ ਮਠਿਆਈ ਜਿਸਨੂੰ 'ਪੱਤਲ' ਕਿਹਾ ਜਾਂਦਾ ਸੀ, ਦੇ ਕੇ ਆਉਂਦੀਆ ਅਤੇ ਗਾਉਂਦੀਆਂ:

ਰਗ ਵੱਢ ਘੋਟਣਾ ਬਣਾ ਦਾਰੀਏ
ਸਾਡੇ ਆਉਂਦੀਆਂ ਦੇ
ਸਾਡੇ ਆਉਂਦੀਆਂ ਦੇ ਸ਼ਗਨ ਮਨਾ ਦਾਰੀਏ

ਗੱਲ ਕੀ ਇੱਕ ਘਰ ਦੀ ਖ਼ੁਸ਼ੀ ਵਿੱਚ ਸਾਰਾ ਪਿੰਡ ਸ਼ਾਮਿਲ ਹੁੰਦਾ ਸੀ। ਅੱਜ ਕੱਲ੍ਹ ਪਿੰਡਾਂ ਵਿੱਚੋਂ ਸਾਰੀਆਂ ਰੌਣਕਾਂ ਗਾਇਬ ਹੋ ਗਈਆਂ ਹਨ। ਇਹ ਟੱਪੇ ਨੁਮਾ ਗੀਤ ਅਲੋਪ ਹੋ ਗਏ ਹਨ। ਪੈਲੇਸਾਂ ਦੇ ਵਿਆਹਾਂ ਨੇ ਸੱਭਿਆਚਾਰ ਨੂੰ ਬਹੁਤ ਖੋਰਾ ਲਾਇਆ ਹੈ। ਹੁਣ ਕਿਸੇ ਪਿੰਡ ਦੇ ਘਰੋਂ ਸਪੀਕਰ ਵਿੱਚੋਂ ਇਹ ਆਵਾਜ਼ ਨਹੀਂ ਆਉਂਦੀ, 'ਫਲਾਣਾ ਸਿਹੁੰ ਦੇ ਮੁੰਡੇ ਦੇ ਮੰਗਣੇ ਦੀ ਰੋਪਣਾ ਪੈਣ ਲੱਗੀ ਹੈ, ਸਾਰੇ ਮਾਈ ਭਾਈ ਵੇਲੇ ਸਿਰ ਪਹੁੰਚ ਜਾਵੋ।' ਨਾ ਹੀ ਕੁੜੀਆਂ ਗਾਉਂਦੀਆਂ ਹਨ:

ਸੋਨੇ ਦੀ ਕਨਸ ਬਣੀ ਝਾਲਰ ਲੱਗੀਆਂ ਚੁਫੇਰੇ
ਮੰਗਣੇ ਦੀ ਬਣਤ ਬਣੀ ਮੇਰੇ ਬਾਬਲ ਦੇ ਵਿਹੜੇ

ਮੰਗਣੇ ਦੀ ਥਾਂ 'ਤੇ ਹੁਣ 'ਰਿੰਗ ਸੈਰੇਮਨੀ' ਕੀਤੀ ਜਾਂਦੀ ਹੈ ਅਤੇ ਡੀ.ਜੇ. ਦੇ ਸ਼ੋਰ ਵਿੱਚ ਨੱਚ ਟੱਪ ਕੇ ਸਾਰ ਲਿਆ ਜਾਂਦਾ ਹੈ। ਵਿਆਹ ਪੈਲੇਸ ਵਿੱਚ ਹੋ ਜਾਂਦਾ ਹੈ ਅਤੇ ਸਾਰੇ ਪ੍ਰਾਹੁਣੇ ਉੱਥੇ ਹੀ ਪਹੁੰਚਦੇ ਹਨ। ਸਾਧ ਸਾਧਣੀਆਂ ਦੀ ਕਲਾ ਖ਼ਤਮ ਹੋ ਚੁੱਕੀ ਹੈ। ਜਾਗੋ ਵੀ ਬਿਜਲੀ ਦੇ ਬੱਲਬ ਜਗਾ ਕੇ ਹੀ ਕੱਢੀ ਜਾਂਦੀ ਹੈ। ਸਭ ਕੁੱਝ ਬਦਲ ਗਿਆ ਹੈ। ਸ਼ਾਇਦ ਸਾਡੇ ਪਿੰਡ ਵਿੱਚ ਮਾਘੀ ਵਾਲੇ ਦਿਨ ਲੱਗਦੇ ਮੇਲੇ ਵਿੱਚ ਮੇਰੀ ਮਰਹੂਮ ਬੀਬੀ ਅਤੇ ਤਾਈ ਦੀ ਜੋੜੀ ਵਾਂਗ ਘੱਗਰੇ ਪਾ ਕੇ ਜਾਂਦੀਆਂ ਤੇ ਗੀਤ darshak1234ਗਾਉਂਦੀਆਂ ਔਰਤਾਂ ਇਹ ਗੀਤ ਹੁਣ ਵੀ ਗਾਉਂਦੀਆਂ ਹੋਣ:

ਕੱਚੀ ਕੰਧ 'ਤੇ ਘੂਕਦੀ ਊਰੀ
ਬਈ ਮਿੱਟੀ ਕੱਢ ਬਾਬੇ ਦੀ
ਤੇਰੀ ਕਰੂਗਾ ਤ੍ਰਿਸ਼ਨਾ ਪੂਰੀ।

# ਸਬਜ਼ੀ ਦੇ ਬੇਕਾਰ ਹਿੱਸੇ ਤੋਂ ਉਗਾਓ ਨਵੀਆਂ ਸਬਜ਼ੀਆਂ

ਪਿਆਜ਼, ਸ਼ਿਮਲਾ ਮਿਰਚ, ਲਸਣ, ਗਾਜਰ, ਸ਼ਲਗਮ ਇਸ ਤਰ੍ਹਾਂ ਦੀਆਂ ਸਬਜ਼ੀਆਂ ਨੂੰ ਅਸੀਂ ਬਣਾਉਣ ਲਈ ਜਦੋਂ ਚੀਰਦੇ ਹਾਂ ਤਾਂ ਇਨ੍ਹਾਂ ਦੇ ਸਿਰਿਆਂ ਅਤੇ ਬੀਜਾਂ ਨੂੰ ਕੱਢ ਕੇ ਅਸੀਂ ਕੂੜਾਦਾਨ ਵਿੱਚ ਸੁੱਟ ਦਿੰਦੇ ਹਾਂ। ਤੁਹਾਨੂੰ ਇਹ ਪਤਾ ਨਹੀਂ ਹੈ ਕਿ ਸਬਜ਼ੀਆਂ ਦੇ ਇਨ੍ਹਾਂ ਸਿਰਿਆਂ ਅਤੇ ਬੀਜਾਂ ਨਾਲ ਕਿਵੇਂ ਘਰ ਦੀ ਹਰਿਆਲੀ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਆਲੂ : ਆਲੂ ਨੂੰ ਅਸੀਂ ਲੰਬੇ ਸਮੇਂ ਤੱਕ ਨਾ ਵਰਤੋਂ ਕਰੀਏ ਤਾਂ ਇਸ ਦੀਆਂ ਅੱਖਾਂ ਦੀ ਜਗ੍ਹਾ ਨਵੇਂ ਪੌਦੇ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਬੇਕਾਰ ਸਮਝ ਕੇ ਅਸੀਂ ਅਕਸਰ ਇਨ੍ਹਾਂ ਨੂੰ ਸੁੱਟ ਦਿੰਦੇ ਹਾਂ ਜਾਂ ਉਸ ਹਿੱਸੇ ਨੂੰ ਕੱਟ ਕੇ ਬਾਕੀ ਹਿੱਸੇ ਦੀ ਵਰਤੋਂ ਕਰ ਲੈਂਦੇ ਹਾਂ। ਹੁਣ ਇਸ ਵਾਰ ਉਸ ਨੂੰ ਸੁੱਟੋ ਨਾ, ਆਲੂ ਦੇ ਜਿਸ ਹਿੱਸੇ ਵਿੱਚ ਅੱਖ ਨਿੱਕਲਦੀ ਨਜ਼ਰ ਆਵੇ, ਉਨ੍ਹਾਂ ਟੁਕੜਿਆਂ ਨੂੰ ਚੰਗੀ ਤਰ੍ਹਾਂ ਧੁੱਪ ਵਿੱਚ ਸੁਕਾਓ। ਆਲੂ ਦੇ ਇਨ੍ਹਾਂ ਟੁਕੜਿਆਂ ਨੂੰ ਮਿੱਟੀ ਅਤੇ ਖਾਦ ਦਾ ਮਿਸ਼ਰਣ ਬਣਾ ਕੇ ਗਮਲੇ ਵਿੱਚ 8 ਇੰਚ ਡੂੰਘਾ ਬੀਜ ਦਿਓ। ਅੱਖ ਦਾ ਹਿੱਸਾ ਉੱਪਰ ਵੱਲ ਰੱਖੋ। ਜਿਵੇਂ ਹੀ ਆਲੂ ਦੀ ਉੱਪਰਲੀ ਸਤ੍ਹਾ ਵਿੱਚ ਵਧਦੀ ਹੋਈ ਜੜ੍ਹ ਦਿਸਣੀ ਸ਼ੁਰੂ ਹੋਵੇ, ਉਸ 'ਤੇ ਥੋੜ੍ਹੀ ਹੋਰ ਮਿੱਟੀ ਪਾ ਕੇ ਹਲਕੇ ਹੱਥਾਂ ਨਾਲ ਇਸ ਨੂੰ ਦਬਾਅ ਦਿਓ। ਪੁਦੀਨਾ : ਪੁਦੀਨੇ ਦੇ ਪੱਤਿਆਂ ਨੂੰ ਵਰਤਣ ਤੋਂ ਬਾਅਦ ਅਸੀਂ ਇਨ੍ਹਾਂ ਦੀਆਂ ਡੰਡੀਆਂ ਨੂੰ ਸੁੱਟ ਦਿੰਦੇ ਹਾਂ। ਇਸ ਵਾਰ ਇਨ੍ਹਾਂ ਨੂੰ ਸੁੱਟਣ ਦੀ ਬਜਾਏ ਇੱਕ ਛੋਟੇ ਗਮਲੇ ਵਿੱਚ ਖਾਦ ਅਤੇ ਮਿੱਟੀ ਮਿਲਾ ਕੇ ਭਰ ਕੇ ਇਨ੍ਹਾਂ ਡੰਢਲਾਂ ਨੂੰ ਇਨ੍ਹਾਂ ਦੇ ਸ਼ੂਟ ਵੱਲ ਮਿੱਟੀ ਵਿੱਚ ਥੋੜ੍ਹਾ ਗੱਡ ਕੇ ਖੜ੍ਹਾ ਰੱਖੋ ਅਤੇ ਇਨ੍ਹਾਂ 'ਤੇ ਪਾਣੀ ਪਾ ਕੇ ਇਨ੍ਹਾਂ ਨੂੰ ਘੱਟ ਧੁੱਪ ਅਤੇ ਰੌਸ਼ਨੀ ਵਾਲੀ ਜਗ੍ਹਾ 'ਤੇ ਰੱਖੋ।

ਪਿਆਜ਼ : ਹਰਾ ਪਿਆਜ਼ ਕੱਟਣ ਤੋਂ ਬਾਅਦ ਉਸ ਦੇ ਪੱਤਿਆਂ ਨੂੰ ਵਰਤੋਂ ਵਿੱਚ ਲਿਆ ਕੇ ਹੇਠਲੇ ਸਿਰੇ ਨੂੰ ਅਸੀਂ ਅਕਸਰ ਕੂੜੇ ਵਿੱਚ ਹੀ ਸੁੱਟਦੇ ਹਾਂ। ਇਨ੍ਹਾਂ ਦੀ ਵੀ ਵਰਤੋਂ ਹੋ ਸਕਦੀ ਹੈ। ਹੇਠਲੇ ਸਿਰਿਆਂ ਨੂੰ ਪਾਣੀ ਨਾਲ ਭਰੇ ਕੱਚ ਦੇ ਭਾਂਡੇ ਵਿੱਚ ਰੱਖ ਕੇ ਇਨ੍ਹਾਂ ਤੋਂ ਨਵੇਂ ਪਿਆਜ਼ ਪ੍ਰਾਪਤ ਕਰ ਸਕਦੇ ਹਾਂ। ਬਸ ਧਿਆਨ ਇਹ ਰੱਖਣਾ ਹੈ ਕਿ ਹੇਠਲਾ ਸਿਰਾ ਪਾਣੀ ਵਿੱਚ ਤੈਰਦਾ ਰਹੇ, ਪਾਣੀ ਨੂੰ ਹਰ 2-3 ਦਿਨ ਬਾਅਦ ਬਦਲਦੇ ਰਹੋ। ਵਿੱਚ-ਵਿੱਚ ਇਸ ਨੂੰ ਧੁੱਪ ਨੂੰ ਲਵਾਉਂਦੇ ਰਹੋ। ਕੁੱਝ ਹੀ ਦਿਨਾਂ ਬਾਅਦ ਇਨ੍ਹਾਂ ਦੀਆਂ ਜੜ੍ਹਾਂ ਵਿੱਚੋਂ ਨਵੇਂ ਪੱਤੇ ਨਿੱਕਲਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਤਾਜ਼ੇ, ਮਹਿਕਦੇ, ਘਰ ਦੇ ਬਣੇ ਪਿਆਜ਼ ਦੇ ਪੱਤਿਆਂ ਦੀ ਵਰਤੋਂ ਸਬਜ਼ੀ, ਸਲਾਦ ਅਤੇ ਚਾਈਨੀਜ਼ ਡਿਸ਼ ਵਿੱਚ ਕੀਤੀ ਜਾ ਸਕਦੀ ਹੈ। ਲਸਣ : ਲਸਣ ਦੀਆਂ ਸਾਬਤ ਕਲੀਆਂ ਨੂੰ ਬਿਨਾਂ ਛਿੱਲੇ ਇੱਕ ਗਮਲੇ ਵਿੱਚ ਜੇ ਗੱਡ ਦਿੱਤਾ ਜਾਵੇ ਤਾਂ ਇਸ ਨਾਲ ਲਸਣ ਦੇ ਹਰੇ ਪੱਤਿਆਂ ਦੀ ਵਰਤੋਂ ਤਾਂ ਕੀਤੀ ਹੀ ਜਾ ਸਕਦੀ ਹੈ, ਨਾਲ ਹੀ ਘਰ ਦੀ ਹਰਿਆਲੀ ਵਿੱਚ ਵੀ ਵਾਧਾ ਕੀਤਾ ਜਾ ਸਕਦਾ ਹੈ। ਇਨ੍ਹਾਂ ਕਲੀਆਂ ਨੂੰ 2-2 ਇੰਚ ਦੀ ਦੂਰੀ 'ਤੇ ਗੱਡ ਦਿਓ ਅਤੇ ਮਿੱਟੀ ਵਿੱਚ ਸਿੰਚਾਈ ਕਰਕੇ ਧੁੱਪ ਵਾਲੀ ਜਗ੍ਹਾ 'ਤੇ ਰੱਖ ਦਿਓ। ਅਦਰਕ : ਅਦਰਕ ਵਿੱਚ ਜਦੋਂ ਅੱਖ ਨਿੱਕਲਦੀ ਦਿਖਾਈ ਦੇਵੇ ਤਾਂ ਇਸ ਨੂੰ ਗਮਲੇ ਵਿੱਚ ਗੱਡ ਕੇ ਗਮਲੇ ਨੂੰ ਧੁੱਪ ਵਾਲੀ ਜਗ੍ਹਾ 'ਤੇ ਰੱਖ ਦੇਣਾ ਚਾਹੀਦਾ ਹੈ। ਕੁੱਝ ਹੀ ਦਿਨਾਂ ਵਿੱਚ ਸੁੰਦਰ ਪੌਦਾ ਉੱਗ ਜਾਂਦਾ ਹੈ। ਪੈਦਾ ਹੋਏ ਅਦਰਕ ਨਾਲ ਦੁਬਾਰਾ ਅਦਰਕ ਉਗਾਇਆ ਜਾ ਸਕਦਾ ਹੈ। ਸ਼ਿਮਲਾ ਮਿਰਚ : ਅਕਸਰ ਅਸੀਂ ਸ਼ਿਮਲਾ ਮਿਰਚ ਨੂੰ ਕੱਟਣ ਤੋਂ ਬਾਅਦ ਉਸ ਦੇ ਬੀਜ ਵਾਲੇ ਹਿੱਸੇ ਨੂੰ ਪੂਰੀ ਤਰ੍ਹਾਂ ਬੇਕਾਰ ਸਮਝ ਕੇ ਕੂੜੇ ਵਿੱਚ ਸੁੱਟ ਦਿੰਦੇ ਹਾਂ। ਇਨ੍ਹਾਂ ਬੀਜਾਂ ਨੂੰ ਜੇ ਗਮਲੇ ਵਿੱਚ ਬੀਜ ਦਿੱਤਾ ਜਾਵੇ ਤਾਂ ਇਸ ਵਿੱਚੋਂ ਨਿੱਕਲੇ ਪੌਦੇ ਸੁੰਦਰ ਲਗਦੇ ਹਨ। ਹਾਲਾਂਕਿ ਇਨ੍ਹਾਂ ਨੂੰ ਗਮਲੇ ਵਿੱਚ ਲਗਾਉਣ ਤੋਂ ਬਾਅਦ ਜ਼ਿਆਦਾ ਵਧੀਆ, ਉੱਤਮ, ਕਵਾਲਿਟੀ ਦੀ ਮਿਰਚ ਨਹੀਂ ਮਿਲਦੀ ਪਰ ਘਰ ਵਿੱਚ ਹਰਿਆਲੀ ਜ਼ਰੂਰ ਹੁੰਦੀ ਹੈ। ਟਮਾਟਰ : ਸੜੇ ਹੋਏ ਟਮਾਟਰ ਨੂੰ ਸੁੱਟਣ ਦੀ ਬਜਾਏ ਉਸ ਦੇ ਗੁੱਦੇ ਨੂੰ ਕੱਢ ਕੇ ਧੁੱਪ ਵਿੱਚ ਸੁਕਾਓ ਅਤੇ ਇਨ੍ਹਾਂ ਨੂੰ ਗਮਲੇ ਵਿੱਚ ਬੀਜ ਦਿਓ। ਟਮਾਟਰ ਉਗਾਉਣ ਲਈ ਵੈਸੇ ਵੀ ਇਨ੍ਹਾਂ ਦੇ ਟੁਕੜਿਆਂ ਨੂੰ ਜ਼ਮੀਨ ਵਿੱਚ ਦੱਬ ਕੇ ਸਹੀ ਖਾਦ, ਪਾਣੀ ਅਤੇ ਦੇਖਭਾਲ ਨਾਲ ਟਮਾਟਰ ਦੇ ਪੌਦੇ ਉਗਾਏ ਜਾ ਸਕਦੇ ਹਨ।



ਅਨੁ ਆਰ.

# ਲੋਕ ਸਭਾ ਚੋਣਾਂ ’ਚ ਨਮੋਸ਼ੀ ਭਰੀ ਹਾਰ ਨੇ ਕੀਤਾ ਅਕਾਲੀ ਦਲ ਖੱਖੜੀ-ਖੱਖੜੀ

**ਦਰਬਾਰਾ ਸਿੰਘ ਕਾਹਲੋਂ**

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਹੋਰ ਗੁਰਦੁਆਰਿਆਂ ਨੂੰ ਮਨਮਤੀਏ ਲੋਕਾਂ, ਜ਼ਾਲਮ ਮਹੰਤਾਂ ਅਤੇ ਅੰਗਰੇਜ਼ ਪਿੱਠੂਆਂ ਤੋਂ ਅਜ਼ਾਦ ਕਰਾਉਣ, ਉਨ੍ਹਾਂ ਦੇ ਸੁਚੱਜੇ ਪ੍ਰਬੰਧ ਅਤੇ ਸੁਧਾਰਾਂ ਲਈ 15 ਨਵੰਬਰ, 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ। ਇਸ ਔਖੇੜੇ ਅਤੇ ਚੁਣੌਤੀ ਭਰੇ ਟੀਚੇ ਦੀ ਪ੍ਰਾਪਤੀ ਲਈ ਨਿਧੜਕ, ਸਿਦਕਵਾਨ ਅਤੇ ਸਿਰਲੱਥ ਕੁਰਬਾਨੀਆਂ ਵਾਲੇ ਵਲੰਟੀਅਰਾਂ ਦੀ ਲੋੜ ਸੀ। ਇਸ ਪਵਿੱਤਰ ਮੰਤਵ ਅਤੇ ਜ਼ੁੰਮੇਵਾਰੀ ਲਈ 14 ਦਸੰਬਰ, 1920 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ।

ਇਸ ਸੰਸਥਾ ਨੇ ਸਮੇਂ ਸਮੇਂ ਨਿਰਪੱਖ, ਨਿਰਲੇਪ, ਜੁਝਾਰੂ ਅਤੇ ਸਿਧਾਂਤਵਾਦੀ ਆਗੂਆਂ ਦੀ ਅਗਵਾਈ ਵਿਚ ਇੱਕ ਸ਼ਾਨਾਮੱਤਾ, ਕੁਰਬਾਨੀਆਂ ਅਤੇ ਸਿਦਕ ਭਰਿਆ ਇਤਿਹਾਸ ਰਚਿਆ। ਸਿੱਖ ਗੁਰਧਾਮਾਂ, ਸਿੱਖ ਪੰਥ, ਪੰਜਾਬ ਅਤੇ ਭਾਰਤੀ ਰਾਸ਼ਟਰ ਦੀ ਅਜ਼ਾਦੀ ਲਈ ਇੱਕ ਨਿਵੇਕਲਾ ਕੁਰਬਾਨੀਆਂ ਨਾਲ ਲਬਰੇਜ਼ ਰੋਲ ਅਦਾ ਕੀਤਾ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਇਸ ਦੀ ਅੰਦਰੂਨੀ ਅਤੇ ਬਾਹਰੀ ਰਾਖੀ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ, ਜੇਲ੍ਹਾਂ ਅਤੇ ਤਸੀਹੇ ਝੱਲੇ। ਪੰਜਾਬੀ ਸੂਬੇ ਦੀ ਪ੍ਰਾਪਤੀ, ਪੰਜਾਬ ਦੇ ਪਾਣੀਆਂ ਦੀ ਰਾਖੀ, ਐਮਰਜੈਂਸੀ ਵਿਰੁੱਧ 19 ਮਹੀਨਿਆਂ ਤੱਕ ਮੋਰਚੇ ਲਗਾਏ। ਜੂਨ, 1984 ਵਿਚ ਸ਼੍ਰੀ ਦਰਬਾਰ ਸਾਹਿਬ, ਹੋਰ 37 ਗੁਰਦੁਆਰਿਆਂ ਅਤੇ ਪੂਰੇ ਪੰਜਾਬ ਵਿਚ ਜਾਲਮਾਨਾ ਫੌਜੀ ਕਾਰਵਾਈ ਰਾਹੀਂ, 31 ਅਕਤੂਬਰ, 1984 ਨੂੰ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ ਬਾਅਦ ਭਾਰਤੀ ਰਾਜ, ਸੂਬਾਈ ਰਾਜਾਂ ਅਤੇ ਕਾਂਗਰਸ ਹਾਕਮਾਂ ਵੱਲੋਂ ਸਿੱਖਾਂ ਦੇ ਬਰਬਰਤਾਪੂਰਵਕ ਨਸਲਘਾਤ 15-16 ਸਾਲ ਰਾਜਕੀ ਅਤੇ ਗੈਰਾਜਕੀ ਅੱਤਵਾਦ, ਰਾਸ਼ਟਰਪਤੀ ਸਾਸ਼ਨਾਂ ਦੌਰਾਨ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਨਸਲਘਾਤੀ ਕੱਤਲ-ਏ-ਆਮ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਚਟਾਨ ਦੀ ਤਰ੍ਹਾਂ ਡੱਟਿਆ ਰਿਹਾ ਅਤੇ ਸੰਨ 1997 ਵਿਚ ਪੰਜਾਬ ਵਿਚ ਫਿਰ ਭਾਜਪਾ ਨਾਲ ਗਠਜੋੜ ਰਾਹੀਂ ਇੱਕ ਤਾਕਤਵਰ ਸਰਕਾਰ ਦਾ ਗਠਨ ਕੀਤਾ। ਸਰਕਾਰ ਦੀ ਅਗਵਾਈ ਸਿਰਮੌਰ ਆਗੂ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਦਰਵੇਸ਼ ਸਿਆਸਤਦਾਨ ਅਤੇ ‘ਪੰਥ ਵੱਸੇ ਮੈਂ ਉੱਜੜਾਂ ਮਨ ਚਾਉ ਘਨੇਰਾ’ ਦੇ ਸੱਚੇ-ਸੁੱਚੇ ਪਾਂਧੀ ਜੱਥੇਦਾਰ ਗੁਰਚਰਨ ਸਿੰਘ ਟੋਹੜਾ ਹੱਥ ਸੀ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਅੰਦਰ ਅਤਿ ਦੇ ਭ੍ਰਿਸ਼ਟ, ਮੌਕਾ ਪ੍ਰਸਤ, ਬਦਚਲਨ, ਸਿਧਾਂਤਹੀਨ, ਧੋਖੇਬਾਜ਼, ਦਗਾਬਾਜ਼, ਕੇਂਦਰੀ ਏਜੰਸੀਆਂ ਦੇ ਪਿੱਠੂ ਲੋਕ ਵਲੰਟੀਅਰਾਂ ਅਤੇ ਚਿਮਚਾਵਾਦੀਆਂ ਵਜੋਂ ਘੁਸ ਚੁੱਕੇ ਸਨ। ਇੱਕ ਪੰਜਾਬੀ ਅਖਬਾਰ ਸਮੂਹ ਦਾ ਡਾਨ ਆਪਣੀ ਮੀਡੀਆ ਅਤੇ ਰਾਜਨੀਤਕ ਛੱਤਰ ਪ੍ਰਸਤ ਸਲਤਨਤ ਦੀ ਰਾਖੀ ਅਤੇ ਸਾਮਰਾਜ ਕਾਇਮੀ ਲਈ ਘੁੱਸ ਚੁੱਕਾ ਸੀ। ਜਿਸ ਨੂੰ ਜੱਥੇਦਾਰ ਟੌਹੜਾ ‘ਸੀਬੋ ਭੂਆ’ ਦਾ ਲਕਬ ਦਿੰਦਾ ਹੁੰਦਾ ਸੀ। ਖਾਲਸਾ ਪ੍ਰੰਥ ਦੀ ਤ੍ਰੈਸ਼ਤਾਬਦੀ ਮਨਾਉਣ ਤੋਂ ਪਹਿਲਾਂ ਹੀ ਇਸ ਅਨਸਰ ਨੇ ਬਾਦਲ-ਟੌਹੜਾ ਦਰਮਿਆਨ ਘਸਮਾਨ ਮਚਾ ਦਿੱਤਾ। ਸ਼੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਜਿਹੀਆਂ ਸੰਸਥਾਵਾਂ ਬਾਂਦੀਆਂ ਬਣਾ ਕੇ ਇਨ੍ਹਾਂ’ਤੇ ਏਕਾਧਿਕਾਰ ਕਾਇਮ ਕਰਕੇ ਪਿੰਡਾਂ, ਸ਼ਹਿਰਾਂ, ਕਸਬਿਆਂ ਵਿਚ ਗਠਤ ਅਕਾਲੀ ਜੱਥਿਆਂ ਦਾ ਭੋਗ ਪਾ ਦਿੱਤਾ। ਜੱਥੇਦਾਰੀ ਅਤੇ ਜੱਥੇਦਾਰਾਂ ਦੀਆਂ ਸ਼ਾਨਾਮੱਤੀਆਂ ਪੱਗਾਂ ਰੋਲ ਕੇ ਰੱਖ ਦਿੱਤੀਆਂ। ਪੰਥਕ ਸਿਧਾਂਤਾਂ, ਸੰਸਥਾਵਾਂ ਅਤੇ ਅਕਾਲੀ ਦਲ ਅੰਦਰ ਪੰਚ ਪ੍ਰਧਾਨੀ ਲੋਕਸ਼ਾਹੀ ਦੀਆਂ ਕਦਰਾਂ ਦੀ ਦੁਰਗੱਤ ਅਤੇ ਅਕਾਲੀ ਦਲ ਦੇ ਪਤਨ ਦੀ ਨੀਂਹ ਉਦੋਂ ਹੀ ਰੱਖੀ ਗਈ ਸੀ ਜੋ ਅੱਜ ਸਾਖਸ਼ਾਤ ਸਿਰ ਚੜ੍ਹ ਕੇ ਕੂਕ ਉੱਠੀ ਹੈ।

ਸਿਹਤਮੰਦ ਲੋਕਤੰਤਰ : ਇਕ ਸਿਹਤਮੰਦ ਲੋਕਤੰਤਰ




**ਸੰਨ 2015 ਵਿਚ ਕੰਜ਼ਰਵੇਟਿਵ ਪਾਰਟੀ ਦੇ ਆਗੂ ਅਤੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਪਾਰਲੀਮਾਨੀ ਚੋਣਾਂ ਵਿਚ ਹਾਰ ਕਰਕੇ ਅਸਤੀਫਾ ਦੇ ਦਿੱਤਾ। ਨਵੇਂ ਆਗੂ ਐਂਡਰਿਊ ਸ਼ੀਰ ਦੀ ਅਗਵਾਈ ਵਿਚ ਫਿਰ ਪਾਰਟੀ 2019 ਦੀਆਂ ਚੋਣਾਂ ਵਿਚ ਹਾਰ ਗਈ। ਉਸਨੇ ਪਾਰਟੀ ਪ੍ਰਧਾਨ ਵਜੋਂ ਅਸਤੀਫਾ ਦੇ ਦਿੱਤਾ। ਸੰਨ 2021 ਵਿਚ ਫਿਰ ਕੰਜ਼ਰਵੇਟਿਵ ਪਾਰਟੀ ਐਰਿਨ ਓਟੂਲ ਦੀ ਅਗਵਾਈ ਵਿਚ ਹਾਰ ਗਈ। ਉਸ ਨੇ ਅਸਤੀਫਾ ਦੇ ਦਿੱਤਾ। ਪਾਰਟੀ ਨੇ ਉਸਦੀ ਥਾਂ ਪੈਰੇ ਪੋਲੀਵਰ ਨੂੰ ਆਗੂ ਚੁਣ ਲਿਆ। ਹਰ ਵਾਰ ਚੋਣ ਪਾਰਟੀ ਡੈਲੀਗੇਟ ਵੋਟਿੰਗ ਰਾਹੀਂ ਕਰਦੇ ਹਨ, ਜਿਸ ਵਿਚ ਕਈ ਆਗੂ ਦਾਅਵੇਦਾਰ ਹੁੰਦੇ ਹਨ।**

ਮਜ਼ਬੂਤ ਅੰਦਰੂਨੀ ਲੋਕਸ਼ਾਹੀ ਆਧਾਰਿਤ ਰਾਜਨੀਤਕ ਸੰਗਠਨ, ਵਿਚਾਰਧਾਰਾ, ਅੱਗ ਫੱਕਣ ਵਾਲੀ ਸਮਰਪਿਤ ਅਗਵਾਈ ਕਰਕੇ ਵਧਦਾ ਫੁੱਲਦਾ ਹੈ। ਇਸ ਅੰਦਰ ਪਰਿਵਾਰਵਾਦ, ਏਕਾਧਿਕਾਰਵਾਦੀ, ਸੱਤਾ ਮੋਹ, ਜੁਗਾੜਵਾਦ ਆਦਿ ਦੀ ਕੋਈ ਥਾਂ ਨਹੀਂ ਹੁੰਦੀ। ਆਧੁਨਿਕ ਸਿਹਤਮੰਦ ਲੋਕਤੰਤਰੀ ਕਦਰਾਂ ਕੀਮਤਾਂ, ਸਿਧਾਂਤਾਂ, ਤਿਆਗ ਤੋਂ ਅਕਾਲੀ ਲੀਡਰਸ਼ਿਪ ਨੇ ਕੁਝ ਨਹੀਂ ਸਿਖਿਆ।

ਸਿਹਤਮੰਦ, ਸਿਧਾਂਤਕ ਅਤੇ ਤਿਆਗਵਾਦੀ ਪਾਰਟੀ ਸਿਸਟਮ ਦੀਆਂ ਸਾਡੇ ਪਾਸ ਦੋ ਮਿਸਾਲਾਂ ਹਨ। ਪਹਿਲੀ ਕੈਨੇਡਾ ਦੀ ਹੈ ਜਿੱਥੇ ਸੰਨ 2015 ਵਿਚ ਕੰਜ਼ਰਵੇਟਿਵ ਪਾਰਟੀ ਦੇ ਆਗੂ ਅਤੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਪਾਰਲੀਮਾਨੀ ਚੋਣਾਂ ਵਿਚ ਹਾਰ ਕਰਕੇ ਅਸਤੀਫਾ ਦੇ ਦਿੱਤਾ। ਨਵੇਂ ਆਗੂ ਐਂਡਰਿਊ ਸ਼ੀਰ ਦੀ ਅਗਵਾਈ ਵਿਚ ਫਿਰ ਪਾਰਟੀ 2019 ਦੀਆਂ ਚੋਣਾਂ ਵਿਚ ਹਾਰ ਗਈ। ਉਸਨੇ ਪਾਰਟੀ ਪ੍ਰਧਾਨ ਵਜੋਂ ਅਸਤੀਫਾ ਦੇ ਦਿੱਤਾ। ਸੰਨ 2021 ਵਿਚ ਫਿਰ ਕੰਜ਼ਰਵੇਟਿਵ ਪਾਰਟੀ ਐਰਿਨ ਓਟੂਲ ਦੀ ਅਗਵਾਈ ਵਿਚ ਹਾਰ ਗਈ। ਉਸ ਨੇ ਅਸਤੀਫਾ ਦੇ ਦਿੱਤਾ। ਪਾਰਟੀ ਨੇ ਉਸਦੀ ਥਾਂ ਪੈਰੇ ਪੋਲੀਵਰ ਨੂੰ ਆਗੂ ਚੁਣ ਲਿਆ। ਹਰ ਵਾਰ ਚੋਣ ਪਾਰਟੀ ਡੈਲੀਗੇਟ ਵੋਟਿੰਗ ਰਾਹੀਂ ਕਰਦੇ ਹਨ, ਜਿਸ ਵਿਚ ਕਈ ਆਗੂ ਦਾਅਵੇਦਾਰ ਹੁੰਦੇ ਹਨ।

ਦੂਸਰੀ ਮਿਸਾਲ ਯੂ. ਕੇ. ਦੀ ਹੈ ਜਿਸ ਵਿਚ ਸੰਨ 2016 ਤੋਂ 2022 ਤੱਕ 6 ਸਾਲਾਂ ਵਿਚ ਸੱਤਾਧਾਰੀ ਟੋਰੀ ਪਾਰਟੀ ਦੇ ਆਗੂਆਂ ਵੱਲੋਂ ਵਧੀਆ ਢੰਗ ਨਾਲ ਸਰਕਾਰ ਨਾ ਚਲਾ ਸਕਣ ਕਰਕੇ ਅਸਤੀਫੇ ਦਿੱਤੇ ਗਏ। ਟੋਰੀ ਪਾਰਟੀ ਨੇ 6 ਸਾਲਾਂ ਵਿਚ 5 ਪ੍ਰਧਾਨ ਮੰਤਰੀ ਬਦਲੇ। ਬ੍ਰੈਗਜਿਟ ਬਾਅਦ ਡੇਵਿਡ ਕਾਮਰਾਨ ਦੇ ਅਸਤੀਫੇ ਉਪਰੰਤ, ਥਰੇਸਾ ਮੇਅ, ਬੋਰਿਸ ਜਾਹਨਸਨ, ਲਿਜ਼ ਟਰੱਸ (49 ਦਿਨਾਂ ਬਾਅਦ) ਨੇ ਅਸਤੀਫੇ ਦਿੱਤੇ। ਹੁਣ ਭਾਰਤੀ ਮੂਲ ਦੇ ਟੋਰੀ ਆਗੂ ਰਿਸ਼ੀ ਸੂਨਕ ਪ੍ਰਧਾਨ ਮੰਤਰੀ ਹਨ। ਦੇਸ਼ ਵਿਚ 4 ਜੁਲਾਈ, 2024 ਨੂੰ ਚੋਣਾਂ ਹੋਣ ਜਾ ਰਹੀਆਂ ਹਨ।

ਦੂਜੇ ਪਾਸੇ ਲੇਬਰ ਪਾਰਟੀ ਆਗੂ ਚੋਣਾਂ ਸਮੇਂ ਜਿੱਤ ਨਾ ਦੁਆ ਸਕਣ ਕਰਕੇ ਲਾਂਭੇ ਹੁੰਦੇ ਗਏ। ਐਂਡ ਮਿਲੀਬੈਂਡ ਬਾਅਦ ਜੇਰੇਮੀ ਕੋਰਬਾਈਨ ਅਤੇ ਹੁਣ ਚੋਣਾਂ ਸਮੇਂ ਕੈਰ ਸਟਾਰਮਰ ਅਗਵਾਈ ਕਰ ਰਹੇ ਹਨ।

ਮਰਹੂਮ ਸ: ਪ੍ਰਕਾਸ਼ ਸਿੰਘ ਬਾਦਲ ਨੇ ਸੰਨ 2008 ਵਿਚ ਉਤਰਾਧਿਕਾਰੀ ਵਜੋਂ ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਥਾਪਿਆ ਜੋ ਪਾਰਟੀ ਅੰਦਰ ਦੋ-ਤਿੰਨ ਟੁੱਟ-ਭੱਜਾਂ ਬਾਵਜੂਦ ਪ੍ਰਧਾਨ ਬਣਿਆ ਚਲਿਆ ਆ ਰਿਹਾ ਹੈ। ਲੋਕਤੰਤਰ ਦਾ ਤਕਾਜ਼ਾ ਹੈ ਕਿ ਪਾਰਟੀ ਦੀ ਵਿਧਾਨ ਸਭਾ ਜਾਂ ਲੋਕ ਸਭਾ ਚੋਣਾਂ ਵਿਚ ਹਾਰ ਬਾਅਦ ਆਗੂ ਨੈਤਿਕ ਤੌਰ ’ਤੇ ਅਸਤੀਫਾ ਦੇ ਦੇਵੇ ਜਿਵੇਂ ਕੈਨੇਡਾ ਅਤੇ ਯੂ. ਕੇ. ਦੀਆਂ ਮਿਸਾਲਾਂ ਦਿੱਤੀਆਂ ਹਨ। ਪਰ ਜਾਅਲੀ ਭਰਤੀ, ਸਰਕਲ ਜੱਥੇਦਾਰਾਂ ਤੋਂ ਪਾਰਟੀ ਪ੍ਰਧਾਨਗੀ ਤੱਕ ਨਾਮਜ਼ਦਗੀ ਨਿਯੁਕਤੀਆਂ ਆਧਾਰਿਤ ਰੇਤ ਦੇ ਸਤੰਭਾਂ ’ਤੇ ਖੜ੍ਹਾ ਅਕਾਲੀ ਦਲ ਵਿਧਾਨ ਸਭਾ ਚੋਣਾਂ 2017, ਲੋਕ ਸਭਾ ਚੋਣਾਂ 2019, ਵਿਧਾਨ ਸਭਾ ਚੋਣਾਂ 2022 (ਸਿਰਫ ਤਿੰਨ ਉਮੀਦਵਾਰ ਜਿੱਤੇ) ਉੱਪ ਚੋਣ ਸੰਗਰੂਰ 2022, ਉਪ ਚੋਣ ਜਲੰਧਰ 2023 ਹਾਰਿਆ। ਸੰਨ 2024 ਵਿਚ 10 ਲੋਕਸਭਾ ਹਲਕਿਆਂ ਵਿਚ ਜ਼ਮਾਨਤ ਜ਼ਬਤ, ਸਿਰਫ ਬਠਿੰਡਾ ਸੀਟ ਜਿੱਤੀ।

ਖਡੂਰ ਸਾਹਿਬ ਅਤੇ ਫਰੀਦਕੋਟ ਤੋਂ ਸਿੱਖ ਸੰਗਤ ਅਤੇ ਹਮਾਇਤੀਆਂ ਨੇ ਪੰਥਕ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖਾਲਸਾ ਜਿਤਾ ਦਿੱਤੇ; ਉਹ ਵੀ ਵੱਡੇ ਫਰਕ ਨਾਲ। ਸੁਖਬੀਰ ਸਿੰਘ ਬਾਦਲ ਵਿਚ ਜ਼ਰਾ ਵੀ ਲੋਕਤੰਤਰੀ ਅਕਲ ਅਤੇ ਨੈਤਿਕਤਾ ਹੁੰਦੀ ਤਾਂ ਤੁਰੰਤ ਅਸਤੀਫਾ ਦੇ ਦਿੰਦੇ। ਇਹ ਐਨੇ ਢੀਠ ਆਗੂ ਸਾਬਤ ਹੋ ਰਹੇ ਹਨ ਜੋ ਸੰਨ 2017 ਤੋਂ ਲਗਾਤਾਰ ਸ਼ਰਮਨਾਕ ਅਤੇ ਨਮੋਸ਼ੀ ਭਰਪੂਰ ਹਾਰਾਂ ਦੇ ਬਾਵਜੂਦ ਟੱਸ ਤੋਂ ਮੱਸ ਨਹੀਂ ਹੋ ਰਹੇ ਭਾਵੇਂ ਪਹਿਲਾਂ ਜੱਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਫਿਰ ਸ: ਸੁਖਦੇਵ ਸਿੰਘ ਢੀਂਡਸਾ ਗਰੁੱਪ ਵੱਖਰੇ ਹੋਏ। ਭਾਵੇਂ ਇਹ ਦੋਵੇਂ ਧੜੇ ਨਾਕਾਮ ਰਹੇ ਪਰ ਨਾਮਜ਼ਦਗੀ ਅਧਾਰਿਤ ਪਾਰਟੀ ਗਰਕ ਹੁੰਦੀ ਚਲੀ ਗਈ।

**ਹਰਾਵਲ ਦਸਤਾ** : ਕਦੇ ਪੰਥਕ ਪਾਰਟੀ ਦੇ ਤਾਕਤਵਰ ਅਤੇ ਰਾਜਨੀਤਕ ਪਨੀਰੀ ਵਜੋਂ ਮਸ਼ਹੂਰ ਹਰਾਵਲ ਦਸਤਾ ਜੋ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਤਕਨੀਕੀ ਅਤੇ ਸਾਇੰਸੀ ਵਿਦਿਅਕ ਸੰਸਥਾਵਾਂ ਵਿਚੋਂ ਲੋਕਤੰਤਰੀ ਪ੍ਰਿਆ ਅਤੇ ਚੋਣਾਂ ਰਾਹੀਂ ਸਥਾਪਿਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚੋਂ ਜਨਮ ਲੈਂਦਾ ਸੀ, ਦਾ ਭੋਗ ਸੁਖਬੀਰ ਬਾਦਲ ਨੇ ਸਟੂਡੈਂਟਸ ਆਰਗੇਨਾਈਜੇਸ਼ਨ ਆਫ ਇੰਡੀਆ ਜਿਹੀ ਨਕਾਰਾ ਸੰਸਥਾ ਥਾਪ ਕੇ ਪਾ ਦਿੱਤਾ। ਇਵੇਂ ਹੀ ਪਾਰਟੀ ਦੀ ਬਰਬਾਦੀ ਬੰਟੀ, ਬਬਲੀ, ਰਾਜੂ ਖੰਨਾ ਦੀ ਨਿਯੁਕਤੀ ਕਰ ਦਿੱਤੀ। ਮੂਰਖਾਨਾ ਫੈਸਲੇ ਜਾਰੀ ਹਨ ਜਿਵੇਂ ਜਲੰਧਰ ਪੱਛਮੀ ਤੋਂ ਪਾਰਟੀ ਉਮੀਦਵਾਰ ਸੁਰਜੀਤ ਕੌਰ ਤੋਂ ਹਮਾਇਤ ਵਾਪਸੀ।

ਅੱਜ ਕਿਹੜੇ ਅਕਾਲੀ ਦਲ ਦੀ ਪ੍ਰਧਾਨਗੀ, ਚੌਧਰ, ਏਕਾਧਿਕਾਰ ਲਈ ਸੁਖਬੀਰ ਬਾਦਲ ਅਤੇ ਵਿਰੋਧੀ ਢੀਂਡਸਾ, ਚੰਦੂਮਾਜਰਾ, ਮਲੂਕਾ ਆਦਿ ਧੜ੍ਹੇ ਲੜ ਰਹੇ ਨੇ? ਸਿੱਖ ਸੰਗਤ ਅਤੇ ਪੰਥ ਤੁਹਾਨੂੰ ਨਕਾਰ ਚੁੱਕਾ ਹੈ। ਤੁਹਾਡੇ ਨਾਮਜ਼ਦ ਹਲਕਾ ਇੰਚਾਰਜ, ਜ਼ਿਲ੍ਹਾ ਪ੍ਰਧਾਨ, ਵਰਕਿੰਗ ਅਤੇ ਕੋਰ ਕਮੇਟੀ ਮੈਂਬਰ ਨਕਾਰਾ ਹੋ ਚੁੱਕੇ ਹਨ। ਇਹ ਸਭ ਕੂੜਾ ਹਨ। ਪੰਥ ਅਤੇ ਗੁਰੂ ਸਿੱਖ ਦੇ ਪਵਿੱਤਰ ਹਿਰਦੇ ਵਿਚ ਵਾਸ ਕਰਦੇ ਨੇ। ਤੁਹਾਡੇ ਹਰਾਮਖੋਰ ਤੇ ਮੁਰਦਾਰ ਖਾਣ ਵਾਲੇ ਦਿਲਾਂ ਵਿਚ ਨਹੀਂ।

ਜੋ ਧੜਾ 1 ਜੁਲਾਈ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਤੇ ਭੁੱਲਾਂ ਬਖਸ਼ਾਉਣ ਲਈ ਗਿਆ, ਕੀ ਉਹ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਡੀ. ਜੀ. ਪੀ, ਪ੍ਰਮੁੱਖ ਸਕੱਤਰ, ਚੇਅਰਮੈਨੀਆਂ ਨਿਵਾਜਣ, ਸੌਦਾ ਸਾਧ ਮੁਆਫੀ, ਬੇਅਦਬੀ, ਬਰਗਾੜੀ, ਕੋਟਕਪੂਰਾ ਗੋਲੀਕਾਂਡ, ਰੇਤ, ਬੱਜਰੀ ਮਾਈਨਿੰਗ, ਨਸ਼ੇ ਵੇਚਣ, ਲੈਂਡ ਮਾਫੀਆ, ਗੈਂਗਸਟਰਵਾਦ ਅਤੇ ਭ੍ਰਿਸ਼ਟਾਚਾਰ ਨਾਲ ਜਾਇਦਾਦਾਂ ਬਣਾਉਣ ਦੇ ਦੋਸ਼ੀ ਨਹੀਂ? ਕੀ ਉਨ੍ਹਾਂ ਪਾਪਾਂ ਨਾਲ ਇਕੱਤਰ ਧੰਨ ਦੇ ਚੈੱਕ, ਜ਼ਮੀਨਾਂ ਜਾਇਦਾਦਾਂ ਦੀਆ ਰਜਿਸਟਰੀਆਂ ਅਕਾਲ ਤਖਤ ਸਾਹਿਬ ’ਤੇ ਨਤਮਸਤਕ ਹੁੰਦੇ ਸਮਰਪਿਤ ਕੀਤੀਆਂ? ਉਨ੍ਹਾਂ ਦੇ ਪਾਪਾਂ, ਭ੍ਰਿਸ਼ਟਾਚਾਰ, ਬਦਇੰਤਜ਼ਾਮੀ ਜਿਸ ਵਿਚ ਭਾਜਪਾ ਵੀ ਸ਼ਾਮਿਲ ਸੀ, ਕਰਕੇ ਆਮ ਆਦਮੀ ਪਾਰਾਟੀ ਜਿਸਦਾ ਕਈ ਰਾਜਨੀਤਕ ਆਧਾਰ ਨਹੀਂ, ਤਜ਼ਰਬਾ ਨਹੀਂ, ਕੁਰਬਾਨੀ ਨਹੀਂ, ਵਾਲੀ ਵਾਰਸ ਨਹੀਂ, ਸੱਤਾ ’ਤੇ ਆ ਬਿਰਾਜੀ। ਇੱਕ ਪਾਸੇ ਸੁਖਬੀਰ ਬਾਦਲ ਪਾਪਾਂ ਨਾਲ ਇਕੱਤਰ ਕੀਤੀ ਆਰਥਿਕ ਸਲਤਨਤ ਬਚਾਉਣ ਲਈ, ਦੂਜੇ ਪਾਸੇ ਮੀਡੀਆ ਡਾਨ ਅਤੇ ਹਮਜੋਲੀ ਆਪਣੇ ਕਿਰਦਾਰ ਬਚਾਉਣ ਲਈ ਉਸ ਪਾਰਟੀ ਦੀ ਸਰਦਾਰੀ ਲਈ ਲੜ ਰਹੇ ਹਨ, ਜਿਸਨੂੰ ਖੁਦ ਬਰਬਾਦ ਕਰ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਲੀਡਰਸ਼ਿਪ ਦਾ ਪੰਜਾਬ ਵਿਚ ਉਹੋ ਹਾਲ ਹੋ ਚੁੱਕਾ ਹੈ ਜੋ ਸੀ. ਪੀ ਐੱਮ. ਸਮੇਤ ਖੱਬੇ ਪੱਖੀ ਪਾਰਟੀਆਂ ਅਤੇ ਲੀਡਰਸ਼ਿਪ ਦਾ ਪੱਛਮੀ ਬੰਗਾਲ ਅਤੇ ਤਿਰੀਪੁਰਾ ’ਚ ਹੋ ਚੁੱਕਾ ਹੈ।

ਪੰਥ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਤਾਕਤਵਰ ਸ਼੍ਰੋਮਣੀ ਅਕਾਲੀ ਦਲ ਦੀ ਮੁੜ ਰਾਜਨੀਤਕ ਸਿਰਜਣਾ ਜ਼ਰੂਰੀ ਹੈ ਪਰ ਇਸ ਲਈ ਅੰਦਰੂਨੀ ਲੋਕਤੰਤਰੀ ਪ੍ਰਿਆ ਨਾਲ ਸਰਕਲ, ਜ਼ਿਲ੍ਹਾ, ਸੂਬਾਈ ਲੀਡਰਸ਼ਿਪ ਦੀ ਹਰ ਦੋ ਸਾਲ ਬਾਅਦ ਚੋਣ, ਸਿਧਾਂਤਕ ਸਕੂਲਿੰਗ, ਕੁਰਬਾਨੀ ਅਤੇ ਸਿਦਕਵਾਨ ਵਲੰਟੀਅਰਾਂ ਦੀ ਲੋੜ ਹੈ। ਪਾਰਟੀ ਹਾਰ ਬਾਅਦ ਤੁਰੰਤ ਪ੍ਰਧਾਨ ਦਾ ਅਸਤੀਫਾ ਪਾਰਟੀ ਨਿਯਮਾਂ ਵਿਚ ਦਰਜ ਹੋਣਾ ਚਾਹੀਦਾ ਹੈ। ਪ੍ਰਧਾਨਗੀ ਪਦ ਦੋ ਟਰਮਾਂ ਤੱਕ ਸੀਮਤ ਕਰ ਦੇਣਾ ਚਾਹੀਦਾ ਹੈ।